# ਇਸਟੇਟ ਅਤੇ ਨਿੱਜੀ ਟਰੱਸਟ ਸੇਵਾਵਾਂ – ਆਮ ਪੁੱਛੇ ਜਾਂਦੇ ਸਵਾਲ

ਇਹ ਸਵਾਲ ਪਬਲਿਕ ਗਾਰਡੀਅਨ ਐਂਡ ਟਰੱਸਟੀ (ਪੀ ਜੀ ਟੀ) ਦੀਆਂ ਸੇਵਾਵਾਂ ਅਤੇ ਬ੍ਰਿਟਿਸ਼ ਕੋਲੰਬੀਆ ਵਿਚ ਇਸਟੇਟ (ਸੰਪਤੀ) ਦੇ ਪ੍ਰਬੰਧ ਨਾਲ ਸੰਬੰਧਿਤ ਆਮ ਜਾਣਕਾਰੀ ਦਿੰਦੇ ਹਨ।

ਇਸਟੇਟਾਂ ਦੇ ਪ੍ਰਬੰਧ ਅਤੇ ਨਿੱਜੀ ਟਰੱਸਟਾਂ ਨਾਲ ਸੰਬੰਧਿਤ ਪੀ ਜੀ ਟੀ ਦੀਆਂ ਸੇਵਾਵਾਂ, ਇਸਟੇਟਸ ਐਂਡ ਪਰਸਨਲ ਟਰੱਸਟ ਸਰਵਿਸਿਜ਼ ਡਿਵੀਜ਼ਨ (ਈ ਪੀ ਟੀ ਐੱਸ) ਵਲੋਂ ਦਿੱਤੀਆਂ ਜਾਂਦੀਆਂ ਹਨ।

ਈ ਪੀ ਟੀ ਐੱਸ ਦੀਆਂ ਸੇਵਾਵਾਂ ਬਾਰੇ ਜ਼ਿਆਦਾ ਜਾਣਕਾਰੀ ਲਈ, ਅੱਗੇ ਦਿੱਤੇ ਲਿੰਕਾਂ 'ਤੇ ਕਲਿੱਕ ਕਰੋ:

- **ਇਸਟੇਟ ਦਾ ਪ੍ਰਬੰਧ**
- **ਨਿੱਜੀ ਟਰੱਸਟ ਦਾ ਪ੍ਰਬੰਧ**
- **ਗੁੰਮਸ਼ੁਦਾ ਵਿਅਕਤੀਆਂ ਦੀ ਇਸਟੇਟ ਦੀ ਪ੍ਰਬੰਧਕੀ**
- **ਪੀ ਜੀ ਟੀ ਦਾ ਪੜ੍ਹਾਈ ਵਿਚ ਮਦਦ ਕਰਨ ਵਾਲਾ ਫੰਡ**

## ਆਮ ਪੁੱਛੇ ਜਾਂਦੇ ਸਵਾਲ – ਪੀ ਜੀ ਟੀ ਦਾ ਰੋਲ

- ਮੈਂ ਕਿਸੇ ਇਸਟੇਟ (ਸੰਪਤੀ) ਨੂੰ ਪ੍ਰਬੰਧ ਲਈ ਪੀ ਜੀ ਟੀ ਨੂੰ ਕਿਵੇਂ ਰੈਫਰ ਕਰਨਾ ਹੈ?
- ਜੇ ਪੀ ਜੀ ਟੀ ਕਿਸੇ ਇਸਟੇਟ ਦਾ ਪ੍ਰਬੰਧ ਨਾ ਚਲਾਉਣ ਦਾ ਫੈਸਲਾ ਕਰੇ ਤਾਂ ਕੀ ਹੁੰਦਾ ਹੈ?
- ਮੈਂ ਨਹੀਂ ਚਾਹੁੰਦੀ ਕਿ ਮੇਰਾ (ਭਰਾ) (ਮੰਮੀ) ਦੀ ਇਸਟੇਟ ਦਾ ਪ੍ਰਬੰਧ ਚਲਾਏ ਜਿਸ ਦੀ ਕਿ ਵਸੀਅਤ ਬਿਨਾਂ ਮੌਤ ਹੋ ਗਈ ਸੀ। ਮੈਂ ਉਸ ਨੂੰ ਕਿਵੇਂ ਰੋਕ ਸਕਦੀ ਹਾਂ? ਕੀ ਪੀ ਜੀ ਟੀ ਜ਼ਿੰਮੇਵਾਰੀ ਸੰਭਾਲ ਲਵੇਗਾ?
- ਬਿਨਾਂ ਵਸੀਅਤ ਵਾਲੀ ਇਸਟੇਟ ਦੇ ਵਾਰਸਾਂ ਜਾਂ ਲਾਭ ਪਾਤਰਾਂ ਵਿੱਚੋਂ ਇਕ ਦਿਮਾਗੀ ਤੌਰ 'ਤੇ ਨਾਕਾਬਲ ਬਾਲਗ ਹੈ ਜਾਂ ਨਾਬਾਲਗ ਹੈ। ਕੀ ਪੀ ਜੀ ਟੀ ਸ਼ਾਮਲ ਹੁੰਦਾ ਹੈ?
- ਮੈਂ ਸੁਣਿਆ ਹੈ ਕਿ ਮੈਂ ਪੀ ਜੀ ਟੀ ਨੂੰ ਵਸੀਅਤ ਦਾ ਪ੍ਰਬੰਧਕ ਬਣਨ ਲਈ ਕਹਿ ਸਕਦਾ ਹਾਂ। ਇਹ ਕਿਸ ਤਰ੍ਹਾਂ ਕੰਮ ਕਰਦਾ ਹੈ?

### ਬਿਨਾਂ ਵਸੀਅਤ ਵਾਲੀ ਕਿਸੇ ਇਸਟੇਟ ਦੇ ਵਾਰਸ ਲੱਭਣਾ

- ਪੀ ਜੀ ਟੀ ਆਪਣੇ ਪ੍ਰਬੰਧ ਹੇਠਲੀਆਂ ਬਿਨਾਂ ਵਸੀਅਤ ਵਾਲੀਆਂ ਇਸਟੇਟਾਂ ਦੇ ਵਾਰਸ ਕਿਵੇਂ ਲੱਭਦਾ ਹੈ?
- ਜੇ ਕੋਈ ਵਿਅਕਤੀ ਮੇਰੇ ਤੱਕ ਪਹੁੰਚ ਕਰਦਾ ਹੈ ਅਤੇ ਮੈਨੂੰ ਕਿਸੇ ਵਿਰਾਸਤ ਬਾਰੇ ਜਾਣਕਾਰੀ ਦੇਣ ਲਈ ਸਹਿਮਤ ਹੁੰਦਾ ਹੈ ਅਤੇ ਬਦਲੇ ਵਿਚ ਇਸਟੇਟ ਦੀ ਕੋਈ ਪ੍ਰਤੀਸ਼ਤ ਮੰਗਦਾ ਹੈ ਤਾਂ ਮੈਂ ਕੀ ਕਰਨਾ ਹੈ?
- ਪੀ ਜੀ ਟੀ ਨੂੰ ਇਹ ਕਿਵੇਂ ਪਤਾ ਲੱਗਦਾ ਹੈ ਕਿ ਬਿਨਾਂ ਵਸੀਅਤ ਵਾਲੀ ਕਿਸੇ ਇਸਟੇਟ ਦਾ ਵਾਰਸ ਹੋਣ ਦਾ ਦਾਅਵਾ ਕਰਨ ਵਾਲੇ ਕਿਸੇ ਵਿਅਕਤੀ ਦਾ ਕਲੇਮ ਸਹੀ ਹੈ?
- ਜੇ ਪੀ ਜੀ ਟੀ ਬਿਨਾਂ ਵਸੀਅਤ ਵਾਲੀ ਕਿਸੇ ਇਸਟੇਟ ਦੇ ਵਾਰਸ ਨਾ ਲੱਭ ਸਕੇ ਤਾਂ ਕੀ ਹੁੰਦਾ ਹੈ?

## ਆਮ ਪੁੱਛੇ ਜਾਂਦੇ ਸਵਾਲ – ਇਸਟੇਟ ਅਤੇ ਟਰੱਸਟਾਂ ਬਾਰੇ ਆਮ ਸਵਾਲ

**ਨੋਟ:** ਇਨ੍ਹਾਂ **ਆਮ ਪੁੱਛੇ ਜਾਂਦੇ ਸਵਾਲਾਂ** ਵਿਚ ਦਿੱਤੀ ਗਈ ਜਾਣਕਾਰੀ ਦਾ ਮਕਸਦ ਇਸਟੇਟਾਂ ਦੇ ਪ੍ਰਬੰਧ ਦੇ ਸੰਬੰਧ ਵਿਚ ਜ਼ਿਆਦਾ ਆਮ ਪੁੱਛੇ ਜਾਂਦੇ ਸਵਾਲਾਂ ਬਾਰੇ ਆਮ ਜਾਣਕਾਰੀ ਦੇਣਾ ਹੈ। ਜੇ ਤੁਹਾਡੇ ਮਨ ਵਿਚ ਕਿਸੇ ਇਸਟੇਟ ਬਾਰੇ ਖਾਸ ਸਵਾਲ ਹੋਣ ਜਿਸ ਦਾ ਤੁਸੀਂ ਪ੍ਰਬੰਧ ਚਲਾ ਰਹੇ ਹੋ ਜਾਂ ਜਿਸ ਵਿਚ ਤੁਸੀਂ ਸ਼ਾਮਲ ਹੋ ਤਾਂ ਤੁਹਾਨੂੰ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ।

### ਕਿਸੇ ਇਸਟੇਟ ਦਾ ਪ੍ਰਬੰਧ ਚਲਾਉਣਾ


- ਕਿਸੇ ਇਸਟੇਟ ਦਾ ਪ੍ਰਬੰਧ ਚਲਾਉਣ ਵਿਚ ਕੀ ਸ਼ਾਮਲ ਹੈ?
- ਬੀ ਸੀ ਵਿਚ ਪ੍ਰੋਬੇਟ (ਵਸੀਅਤ ਦੀ ਤਸਦੀਕ ਦੀਆਂ) ਫੀਸਾਂ ਕਿੰਨੀਆਂ ਹਨ?
- ਇਗਜ਼ੈਕਿਊਟਰ ਅਤੇ ਐਡਮਿਨਸਟਰੇਟਰ ਵਿਚਕਾਰ ਕੀ ਫਰਕ ਹੈ?
- ਲਾਭ ਪਾਤਰਾਂ ਅਤੇ ਬੇਵਸੀਅਤੇ ਵਾਰਸਾਂ ਵਿਚਕਾਰ ਕੀ ਫਰਕ ਹੈ?
- ਜੇ ਕੋਈ ਵਸੀਅਤ ਨਾ ਹੋਵੇ ਤਾਂ ਇਸਟੇਟ ਦਾ ਪ੍ਰਬੰਧ ਕੌਣ ਚਲਾਉਂਦਾ ਹੈ?
- ਮੈਨੂੰ ਇਹ ਕਿਵੇਂ ਪਤਾ ਲਾਉਣਾ ਹੈ ਕਿ ਇਸਟੇਟ ਦਾ ਪ੍ਰਬੰਧ ਕੌਣ ਚਲਾ ਰਿਹਾ ਹੈ?
- ਕਿਸੇ ਇਸਟੇਟ ਦਾ ਪ੍ਰਬੰਧ ਚਲਾਉਣ ਦੇ ਮੰਤਵਾਂ ਲਈ ਸਪਾਉਸ ਕਿਸ ਨੂੰ ਸਮਝਿਆ ਜਾਂਦਾ ਹੈ?
- ਕੀ ਇਹ ਸੰਭਵ ਹੈ ਕਿ ਇਕ ਨਾਲੋਂ ਜ਼ਿਆਦਾ ਵਿਅਕਤੀ ਸਪਾਉਸ ਦੀ ਪਰਿਭਾਸ਼ਾ ਵਿਚ ਆ ਸਕਦਾ ਹੈ?


### ਕੁਝ ਵਸੀਅਤਾਂ ਬਾਰੇ


- ਵਸੀਅਤ ਕੌਣ ਬਣਾ ਸਕਦਾ ਹੈ?
- ਮੇਰਾ ਨਾਂ ਕਿਸੇ ਵਸੀਅਤ ਵਿਚ ਇਗਜ਼ੈਕਿਊਟਰ (ਪ੍ਰਬੰਧਕ) ਵਜੋਂ ਦਿੱਤਾ ਗਿਆ ਹੈ ਪਰ ਮੈਂ ਇਹ ਜ਼ਿੰਮੇਵਾਰੀ ਨਹੀਂ ਲੈਣਾ ਚਾਹੁੰਦਾ। ਕੀ ਮੇਰੇ ਲਈ ਇਹ ਕਰਨਾ ਜ਼ਰੂਰੀ ਹੈ?
- ਮੈਨੂੰ ਯਕੀਨ ਹੈ ਕਿ ਵਸੀਅਤ ਬਣੀ ਹੋਈ ਹੈ ਪਰ ਮੈਨੂੰ ਪਤਾ ਨਹੀਂ ਕਿ ਇਹ ਕਿੱਥੇ ਹੈ। ਮੈਨੂੰ ਕੀ ਕਰਨਾ ਚਾਹੀਦਾ ਹੈ?
- ਮ੍ਰਿਤਕ ਨੇ ਵਸੀਅਤ ਲਿਖੀ ਸੀ, ਪਰ ਇਹ ਰਜਿਸਟਰ ਨਹੀਂ ਕਰਵਾਈ। ਕੀ ਵਸੀਅਤ ਦੇ ਯੋਗ ਹੋਣ ਲਈ ਇਸ ਦਾ ਰਜਿਸਟਰ ਹੋਣਾ ਜ਼ਰੂਰੀ ਹੈ?
- ਮੈਨੂੰ ਯਕੀਨ ਹੈ ਕਿ ਮੈਂ ਲਾਭ ਪਾਤਰ (ਬੈਨੇਫਿਸ਼ਰੀ) ਹਾਂ। ਮੈਨੂੰ ਇਹ ਕਿਵੇਂ ਪਤਾ ਲੱਗ ਸਕਦਾ ਹੈ ਕਿ ਵਸੀਅਤ ਵਿਚ ਕੀ ਹੈ?
- ਮੈਂ ਇਗਜ਼ੈਕਿਊਟਰ (ਪ੍ਰਬੰਧਕ) ਤੋਂ ਕੰਮ ਕਿਵੇਂ ਕਰਵਾ ਸਕਦਾ ਹਾਂ?
- ਮੈਂ ਕੀ ਕਰ ਸਕਦਾ ਹਾਂ ਜੇ ਇਗਜ਼ੈਕਿਊਟਰ (ਪ੍ਰਬੰਧਕ) ਜਾਂ ਐਡਮਿਨਸਟਰੇਟਰ ਇਸਟੇਟ ਦਾ ਗਲਤ ਪ੍ਰਬੰਧ ਚਲਾ ਰਿਹਾ ਹੋਵੇ?


### ਸੰਸਕਾਰ ਦਾ ਪ੍ਰਬੰਧ ਕਰਨਾ ਅਤੇ ਇਸ ਦਾ ਖਰਚਾ ਦੇਣਾ


- ਸੰਸਕਾਰ ਦੇ ਪ੍ਰਬੰਧ ਕਰਨ ਦਾ ਹੱਕ ਕਿਸ ਨੂੰ ਹੈ?
- ਮੈਂ ਸੰਸਕਾਰ ਦਾ ਖਰਚਾ ਨਹੀਂ ਦੇ ਸਕਦਾ। ਕਿਹੜੀ ਮਾਇਕ ਮਦਦ ਉਪਲਬਧ ਹੈ?

## ਮ੍ਰਿਤਕ ਦੀ ਸੰਪਤੀ ਨਾਲ ਸਿੱਝਣਾ

- ਹਰ ਇਕ ਚੀਜ਼ ਸਾਂਝੇ ਨਾਂਵਾਂ 'ਤੇ ਹੈ। ਕੀ ਇਸਟੇਟ ਨੂੰ ਪ੍ਰੋਬੇਟ ਕੀਤੇ ਜਾਣ ਦੀ ਲੋੜ ਹੈ ਜਾਂ ਪ੍ਰਬੰਧ ਕੀਤੇ ਜਾਣ ਦੀ ਲੋੜ ਹੈ?
- ਮ੍ਰਿਤਕ ਦੀ ਸੰਪਤੀ ਸਿਰਫ ਬੈਂਕ ਦਾ ਇਕ ਛੋਟਾ ਜਿਹਾ ਅਕਾਊਂਟ ਹੈ ਅਤੇ 500 ਕੁ ਡਾਲਰ ਦੇ ਦੋ ਕੁ ਚੈੱਕ ਹਨ। ਮੈਂ ਕੀ ਕਰਾਂ?
- ਮੈਨੂੰ ਮ੍ਰਿਤਕ ਦੀ ਕਾਰ ਵੇਚਣ ਦੀ ਲੋੜ ਹੈ – ਉਸ ਕੋਲ ਸਿਰਫ ਇਹ ਹੀ ਸੀ। ਮੈਂ ਇਹ ਕਿਵੇਂ ਕਰਾਂ?
- ਮ੍ਰਿਤਕ ਕੋਲ ਕੁਝ ਪਾਲਤੂ ਜਾਨਵਰ ਸਨ ਅਤੇ ਇਨ੍ਹਾਂ ਦੀ ਕੋਈ ਵੀ ਦੇਖਭਾਲ ਨਹੀਂ ਕਰ ਰਿਹਾ। ਕੀ ਕੀਤਾ ਜਾਣਾ ਚਾਹੀਦਾ ਹੈ?
- ਮੈਂ ਮ੍ਰਿਤਕ ਦੇ ਘਰ ਵਿੱਚੋਂ ਲੋਕਾਂ ਨੂੰ ਚੋਰੀਆਂ ਕਰਨ ਤੋਂ ਕਿਵੇਂ ਰੋਕ ਸਕਦਾ ਹਾਂ?
- ਮੈਂ ਬ੍ਰਿਟਿਸ਼ ਕੋਲੰਬੀਆ ਵਿੱਚੋਂ ਬਾਹਰਲੇ ਕਿਸੇ ਮ੍ਰਿਤਕ ਦੀ ਸੰਪਤੀ ਨਾਲ ਕਿਵੇਂ ਸਿੱਝ ਸਕਦਾ ਹਾਂ?

## ਕਰਜ਼ਾ ਦੇਣ ਵਾਲਿਆਂ ਅਤੇ ਲੈਂਡਲਾਰਡਾਂ ਨਾਲ ਵਰਤਣਾ

- ਇਸ ਤਰ੍ਹਾਂ ਲੱਗਦਾ ਹੈ ਕਿ ਮ੍ਰਿਤਕ ਨੇ ਕਰੈਡਿਟ ਕਾਰਡਾਂ ਦੇ ਕਾਫੀ ਪੈਸੇ ਦੇਣੇ ਹਨ ਅਤੇ ਕਾਰਡ ਜਾਰੀ ਕਰਨ ਵਾਲੇ ਰਿਸ਼ਤੇਦਾਰਾਂ 'ਤੇ ਦਬਾਅ ਪਾ ਰਹੇ ਹਨ ਕਿ ਉਹ ਪੈਸੇ ਦੇਣ। ਕੀ ਅਜਿਹਾ ਕਰਨ ਦੀ ਉਨ੍ਹਾਂ ਦੀ ਜ਼ਿੰਮੇਵਾਰੀ ਹੈ?
- ਮ੍ਰਿਤਕ ਨੇ ਮੇਰੇ ਪੈਸੇ ਦੇਣੇ ਸਨ। ਕੀ ਇਹ ਪੈਸੇ ਲੈਣ ਲਈ ਮੈਂ ਕੁਝ ਕਰ ਸਕਦਾ ਹਾਂ?
- ਲੈਂਡਲਾਰਡ ਜ਼ੋਰ ਪਾ ਰਿਹਾ ਹੈ ਕਿ ਮ੍ਰਿਤਕ ਦੀਆਂ ਚੀਜ਼ਾਂ ਫੌਰਨ ਚੁੱਕੀਆਂ ਜਾਣ। ਮੈਨੂੰ ਕੀ ਕਰਨਾ ਚਾਹੀਦਾ ਹੈ?
- ਮੈਂ ਇਕ ਲੈਂਡਲਾਰਡ ਹਾਂ, ਅਤੇ ਮੇਰੇ ਇਕ ਕਿਰਾਏਦਾਰ ਦੀ ਮੌਤ ਹੋ ਗਈ ਹੈ। ਮੈਨੂੰ ਕੀ ਕਰਨਾ ਚਾਹੀਦਾ ਹੈ?

## ਇਸਟੇਟ 'ਤੇ ਹੱਕ ਅਤੇ ਕਲੇਮ

- ਅਲਹਿਦਾ ਹੋਏ ਸਪਾਊਸ ਦੇ ਕੀ ਹੱਕ ਹਨ?
- ਕੌਮਨ ਲਾਅ ਸਪਾਊਸ ਦੇ ਕੀ ਹੱਕ ਹਨ?
- ਜੇ ਵਸੀਅਤ ਨਾ ਹੋਵੇ ਤਾਂ ਇਸਟੇਟ ਕਿਸ ਨੂੰ ਮਿਲਦੀ ਹੈ?

## ਹੋਰ ਆਮ ਪੁੱਛੇ ਜਾਂਦੇ ਸਵਾਲ

- ਮੇਰੀ (ਮਾਂ ਦੀ) ਵਸੀਅਤ ਆਪਣੀ ਇਸਟੇਟ ਸੰਭਾਲ ਕਰਨ ਵਾਲੀ ਉਸ ਥਾਂ ਨੂੰ ਛੱਡ ਗਈ ਹੈ ਜਿੱਥੇ ਉਹ ਪਿਛਲੇ ਕੁਝ ਸਾਲਾਂ ਤੋਂ ਰਹਿ ਰਹੀ ਸੀ। ਕੀ ਇਸ ਦੀ ਆਗਿਆ ਹੈ?

ਗੁੰਮਸ਼ੁਦਾ ਵਿਅਕਤੀ

- **ਮੇਰਾ ਭਰਾ ਕੁਝ ਹਫਤਿਆਂ ਤੋਂ ਗੁੰਮ ਹੋ ਗਿਆ ਹੈ। ਉਹ ਇਕੱਲਾ ਮੱਛੀਆਂ ਫੜਨ ਗਿਆ ਅਤੇ ਮੁੜ ਕੇ ਨਹੀਂ ਆਇਆ। ਮੈਨੂੰ ਪੱਕਾ ਯਕੀਨ ਹੈ ਕਿ ਉਹ ਜ਼ਰੂਰ ਹੀ ਮਰ ਗਿਆ ਹੋਵੇਗਾ। ਉਸ ਦੇ ਬਿੱਲ ਹਨ ਜਿਹੜੇ ਦੇਣ ਦੀ ਲੋੜ ਹੈ। ਉਸ ਦੀ ਕਾਰ ਮੇਰੇ ਘਰ ਹੈ ਅਤੇ ਮੈਨੂੰ ਪਤਾ ਹੈ ਕਿ ਉਸ ਦੇ ਬੈਂਕ ਵਿਚ ਪੈਸੇ ਹਨ। ਪੁਲੀਸ ਕਹਿੰਦੀ ਹੈ ਕਿ ਉਨ੍ਹਾਂ ਨੇ ਜੋ ਕਰ ਸਕਦੇ ਸੀ ਕਰ ਲਿਆ ਹੈ। ਮੈਨੂੰ ਕੀ ਕਰਨਾ ਚਾਹੀਦਾ ਹੈ?**

ਮਦਦ ਕਿੱਥੋਂ ਲੈਣੀ ਹੈ?

- **ਮੇਰੇ ਕੋਲ ਵਕੀਲ ਨਹੀਂ ਹੈ। ਮੈਂ ਵਸੀਅਤਾਂ ਅਤੇ ਇਸਟੇਟ ਦੇ ਪ੍ਰਬੰਧ ਦੇ ਮਾਮਲਿਆਂ ਲਈ ਮਦਦ ਕਿੱਥੋਂ ਲੈ ਸਕਦਾ ਹਾਂ?**

## ਪੀ ਜੀ ਟੀ ਦਾ ਰੋਲ

ਪੀ ਜੀ ਟੀ ਕਿਸੇ ਇਸਟੇਟ (ਸੰਪਤੀ) ਦਾ ਪ੍ਰਬੰਧਕ ਬਣ ਸਕਦਾ ਹੈ ਜਦੋਂ ਵਸੀਅਤ ਦਾ ਕੋਈ ਪ੍ਰਬੰਧਕ (ਇਗਜ਼ੈਕਿਊਟਰ), ਬਿਨਾਂ ਵਸੀਅਤ ਵਾਲੀ ਇਸਟੇਟ ਦਾ ਵਾਰਸ, ਲਾਭ ਪਾਤਰ ਜਾਂ ਹੋਰ ਯੋਗ ਵਿਅਕਤੀ ਅਜਿਹਾ ਕਰਨ ਦੇ ਯੋਗ ਨਹੀਂ ਹੁੰਦਾ ਜਾਂ ਅਜਿਹਾ ਨਹੀਂ ਕਰਨਾ ਚਾਹੁੰਦਾ। ਢੁਕਵੀਆਂ ਹਾਲਤਾਂ ਵਿਚ ਵੀ ਪੀ ਜੀ ਟੀ ਵਸੀਅਤ ਦਾ ਪ੍ਰਬੰਧਕ ਬਣਨ ਲਈ ਸਹਿਮਤ ਹੋ ਸਕਦਾ ਹੈ।

### *ਮੈਂ ਕਿਸੇ ਇਸਟੇਟ ਨੂੰ ਪ੍ਰਬੰਧ ਲਈ ਪੀ ਜੀ ਟੀ ਕੋਲ ਕਿਵੇਂ ਰੈਫਰ ਕਰਾਂ?*

ਕਿਸੇ ਇਸਟੇਟ ਨੂੰ ਪੀ ਜੀ ਟੀ ਇਸਟੇਟ ਅਤੇ ਪਰਸਨਲ ਟਰੱਸਟ ਸਰਵਿਸਿਜ਼ ਕੋਲ ਰੈਫਰ ਕਰਨਾ ਚਾਹੁਣ ਵਾਲੇ, ਵਸੀਅਤ ਦੇ ਪ੍ਰਬੰਧਕਾਂ, ਬਿਨਾਂ ਵਸੀਅਤ ਵਾਲੀ ਇਸਟੇਟ ਦੇ ਵਾਰਸਾਂ ਅਤੇ ਲਾਭ ਪਾਤਰਾਂ ਨੂੰ ਰੈਫਰਲ ਦਰਜ ਕਰਵਾਉਣ ਤੋਂ ਪਹਿਲਾਂ ਸਾਡੇ ਦਫਤਰ ਨਾਲ ਸੰਪਰਕ ਕਰਨ ਅਤੇ ਈ ਪੀ ਟੀ ਐੱਸ ਡਿਊਟੀ ਅਫਸਰ ਨਾਲ ਗੱਲ ਕਰਨ ਲਈ ਉਤਸ਼ਾਹ ਦਿੱਤਾ ਜਾਂਦਾ ਹੈ। ਰੈਫਰਲ ਦਰਜ ਕਰਵਾਉਣ ਲਈ ਸੇਵਾਵਾਂ ਦੇਣ ਵਾਲੇ ਜਿਵੇਂ ਕਿ ਕੋਰੋਨਰ ਦਾ ਦਫਤਰ, ਹਸਪਤਾਲ, ਹੈਲਥ ਅਥਾਰਟੀਆਂ ਅਤੇ ਆਰ ਸੀ ਐੱਮ ਪੀ, ਰੈਫਰਲ ਨੂੰ ਸਿੱਧਾ 604.660.0964 'ਤੇ ਫੈਕਸ ਕਰ ਸਕਦੇ ਹਨ। ਈ ਪੀ ਟੀ ਐੱਸ ਤੋਂ ਔਨਲਾਈਨ ਰੈਫਰਲ ਫਾਰਮ ਲੈਣ ਲਈ ਕਿਰਪਾ ਕਰਕੇ **ਇੱਥੇ** ਕਲਿੱਕ ਕਰੋ।

### *ਜੇ ਪੀ ਜੀ ਟੀ ਕਿਸੇ ਇਸਟੇਟ ਦਾ ਪ੍ਰਬੰਧ ਨਾ ਚਲਾਉਣ ਦਾ ਫੈਸਲਾ ਕਰੇ ਤਾਂ ਕੀ ਹੁੰਦਾ ਹੈ?*

ਪੀ ਜੀ ਟੀ ਸਾਨੂੰ ਰੈਫਰ ਕੀਤੀਆਂ ਗਈਆਂ ਸਾਰੀਆਂ ਇਸਟੇਟਾਂ ਦਾ ਪ੍ਰਬੰਧ ਨਹੀਂ ਚਲਾਉਂਦਾ। ਉਦਾਹਰਣ ਲਈ, ਪੀ ਜੀ ਟੀ ਕਿਸੇ ਇਸਟੇਟ ਦਾ ਪ੍ਰਬੰਧ ਨਹੀਂ ਚਲਾਉਂਦਾ ਜੇ ਸੰਪਤੀ ਇੰਨੀ ਕੁ ਨਾ ਹੋਵੇ ਕਿ ਸੰਸਕਾਰ ਦੇ ਅਤੇ ਪ੍ਰਬੰਧਕੀ ਖਰਚੇ ਨਾ ਦਿੱਤੇ ਜਾ ਸਕਣ ਅਤੇ ਸਾਡੀਆਂ ਫੀਸਾਂ ਨਾ ਦਿੱਤੀਆਂ ਜਾ ਸਕਣ। ਜਦੋਂ ਇਹ ਕੇਸ ਹੋਵੇ ਅਤੇ ਕੋਈ ਪ੍ਰਬੰਧਕ ਜਾਂ ਜਾਣਿਆ ਜਾਂਦਾ ਸਾਕ-ਸੰਬੰਧੀ ਨਾ ਹੋਵੇ ਤਾਂ ਅਸੀਂ ਸੂਬਾਈ ਫਿਊਨਰਲ ਸਰਵਿਸਿਜ਼ ਪ੍ਰੋਗਰਾਮ ਨੂੰ ਰੈਫਰਲ ਕਰਦੇ ਹਾਂ, ਜੋ ਕਿ ਫਿਰ ਮ੍ਰਿਤਕ ਦੇ ਸੰਸਕਾਰ ਦੇ ਪ੍ਰਬੰਧ ਕਰ ਸਕਦੇ ਹਨ। ਜੇ ਤੁਸੀਂ ਕਿਸੇ ਅਜਿਹੀ ਇਸਟੇਟ ਨਾਲ ਸ਼ਾਮਲ ਹੋਵੋ ਜਿਸ ਦਾ ਪ੍ਰਬੰਧ ਪੀ ਜੀ ਟੀ ਸੀਮਤ ਸੰਪਤੀ ਕਰਕੇ ਨਾ ਕਰ ਸਕਦਾ ਹੋਵੇ ਤਾਂ ਤੁਸੀਂ **ਸਰਵਿਸ ਬੀ ਸੀ** ਨਾਲ ਸੰਪਰਕ ਕਰ ਸਕਦੇ ਹੋ ਜੋ ਕਿ ਤੁਹਾਨੂੰ ਮਨਿਸਟਰੀ ਔਫ ਸੋਸ਼ਲ ਡਿਵੈਲਪਮੈਂਟ ਐਂਡ ਸੋਸ਼ਲ ਇਨੋਵੇਸ਼ਨ ਦੇ ਸਥਾਨਕ ਦਫਤਰ ਨਾਲ ਜੋੜਣਗੇ ਜਿੱਥੇ ਤੁਸੀਂ "ਫਿਊਨਰਲ ਸਰਵਿਸਿਜ਼ ਪ੍ਰੋਗਰਾਮ" ਲਈ ਪੁੱਛ ਸਕਦੇ ਹੋ।

### *ਮੈਂ ਨਹੀਂ ਚਾਹੁੰਦੀ ਕਿ ਮੇਰਾ (ਭਰਾ) (ਮੰਮੀ) ਦੀ ਇਸਟੇਟ ਦਾ ਪ੍ਰਬੰਧ ਚਲਾਏ ਜਿਸ ਦੀ ਕਿ ਵਸੀਅਤ ਬਿਨਾਂ ਮੌਤ ਹੋ ਗਈ ਸੀ। ਮੈਂ ਉਸ ਨੂੰ ਕਿਵੇਂ ਰੋਕ ਸਕਦੀ ਹਾਂ? ਕੀ ਪੀ ਜੀ ਟੀ ਜ਼ਿੰਮੇਵਾਰੀ ਸੰਭਾਲ ਲਵੇਗਾ?*

ਪੀ ਜੀ ਟੀ ਇਸਟੇਟ ਦਾ ਪ੍ਰਬੰਧ ਚਲਾਉਣ ਲਈ ਬੇਨਤੀ 'ਤੇ ਵਿਚਾਰ ਕਰੇਗਾ। ਆਮ ਤੌਰ 'ਤੇ, ਪੀ ਜੀ ਟੀ ਇਹ ਮੰਗ ਕਰਦਾ ਹੈ ਕਿ ਬਿਨਾਂ ਵਸੀਅਤ ਵਾਲੀ ਇਸਟੇਟ ਦੇ ਸਾਰੇ ਜਾਂ ਬਹੁਗਿਣਤੀ ਵਾਰਸ ਸਹਿਮਤੀ ਦੇਣ। ਸਾਡੀ ਪਹਿਲਾਂ ਹੀ ਦਿੱਤੀ ਜਾਣ ਵਾਲੀ ਲਿਖਤੀ ਸਹਿਮਤੀ ਤੋਂ ਬਿਨਾਂ ਅਦਾਲਤ ਪੀ ਜੀ ਟੀ ਨੂੰ ਪ੍ਰਬੰਧਕ ਵਜੋਂ ਨਿਯੁਕਤ ਨਹੀਂ ਕਰ ਸਕਦੀ।

***ਵਿਲਜ਼, ਇਸਟੇਟਸ ਐਂਡ ਸਕਸੈਸ਼ਨ ਐਕਟ*** ਵਸੀਅਤ ਨਾ ਹੋਣ 'ਤੇ ਅਰਜ਼ੀਕਰਤਾਵਾਂ ਦੀ ਪਹਿਲ ਬਾਰੇ ਇਸ਼ਾਰਾ ਕਰਦਾ ਹੈ। ਤਜਵੀਜ਼ਸ਼ੁਦਾ ਪ੍ਰਬੰਧਕ ਬਾਰੇ ਜੇ ਤੁਹਾਡੇ ਫਿਕਰ ਹੋਣ ਤਾਂ ਤੁਸੀਂ ਕਾਨੂੰਨੀ ਸਲਾਹ ਲੈਣਾ ਚਾਹੁੰਦੇ ਹੋ ਸਕਦੇ ਹੋ।

***ਬਿਨਾਂ ਵਸੀਅਤ ਵਾਲੀ ਇਸਟੇਟ ਦੇ ਵਾਰਸਾਂ ਜਾਂ ਲਾਭ ਪਾਤਰਾਂ ਵਿੱਚੋਂ ਇਕ ਦਿਮਾਗੀ ਤੌਰ 'ਤੇ ਨਾਕਾਬਲ ਬਾਲਗ ਹੈ ਜਾਂ ਨਾਬਲਗ ਹੈ। ਕੀ ਪੀ ਜੀ ਟੀ ਸ਼ਾਮਲ ਹੁੰਦਾ ਹੈ?***

ਇਹ ਪੱਕਾ ਕਰਨ ਲਈ ਕਿ ਨਾਬਾਲਗ ਦੇ ਹੱਕਾਂ ਦੀ ਰਾਖੀ ਹੋ ਰਹੀ ਹੈ, ਗਰਾਂਟ ਔਫ ਪ੍ਰੋਬੇਟ ਜਾਂ ਪ੍ਰਬੰਧਕੀ ਲਈ ਅਰਜ਼ੀ ਕਰਨ ਵਾਲੇ ਵਿਅਕਤੀ ਲਈ ਆਮ ਤੌਰ 'ਤੇ ਨਾਬਾਲਗ ਦੇ ਗਾਰਡੀਅਨ ਅਤੇ ਪੀ ਜੀ ਟੀ ਨੂੰ ਦੱਸਣਾ ਪੈਂਦਾ ਹੈ ਜਦੋਂ ਕੋਈ ਨਾਬਾਲਗ ਬਿਨਾਂ ਵਸੀਅਤ ਵਾਲੀ ਕਿਸੇ ਇਸਟੇਟ ਦਾ ਬੇਵਸੀਅਤਾ ਵਾਰਸ ਜਾਂ ਲਾਭ ਪਾਤਰ ਹੈ ਜਾਂ ਹੋ ਸਕਦਾ ਹੈ। ਇਹ ਪੱਕਾ ਕਰਨ ਲਈ ਕਿ ਉਸ ਬਾਲਗ ਦੇ ਹੱਕਾਂ ਦੀ ਰਾਖੀ ਹੋ ਰਹੀ ਹੈ ਜੋ ਕਿ ਦਿਮਾਗੀ ਤੌਰ 'ਤੇ ਅਸਮਰਥ ਹੈ ਜਾਂ ਹੋ ਸਕਦਾ ਹੈ, ਗਰਾਂਟ ਔਫ ਪ੍ਰੋਬੇਟ ਜਾਂ ਪ੍ਰਬੰਧਕੀ ਲਈ ਅਰਜ਼ੀ ਕਰਨ ਵਾਲੇ ਵਿਅਕਤੀ ਲਈ ਆਮ ਤੌਰ 'ਤੇ ਕਮੇਟੀ ਅਤੇ ਪੀ ਜੀ ਟੀ ਨੂੰ ਦੱਸਣਾ ਪੈਂਦਾ ਹੈ ਜਦੋਂ ਉਹ ਵਿਅਕਤੀ ਕਿਸੇ ਇਸਟੇਟ ਦਾ ਬੇਵਸੀਅਤਾ ਵਾਰਸ ਜਾਂ ਲਾਭ ਪਾਤਰ ਹੈ। ਜੇ ਕੋਈ ਕਮੇਟੀ ਨਿਯੁਕਤ ਨਾ ਕੀਤੀ ਗਈ ਹੋਵੇ ਤਾਂ ਪੀ ਜੀ ਟੀ ਅਤੇ ਵਿਅਕਤੀ ਨੂੰ ਨੋਟਿਸ ਦਿੱਤਾ ਜਾਣਾ ਜ਼ਰੂਰੀ ਹੈ। ਜ਼ਿਆਦਾ ਜਾਣਕਾਰੀ **ਪੀ ਜੀ ਟੀ ਗਰਾਂਟ ਐਪਲੀਕੇਸ਼ਨ ਰਿਵੀਊ ਸਰਵਿਸਿਜ਼** ਤੋਂ ਮਿਲਦੀ ਹੈ।

***ਮੈਂ ਸੁਣਿਆ ਹੈ ਕਿ ਮੈਂ ਪੀ ਜੀ ਟੀ ਨੂੰ ਵਸੀਅਤ ਦਾ ਪ੍ਰਬੰਧਕ ਬਣਨ ਲਈ ਕਹਿ ਸਕਦਾ ਹਾਂ। ਇਹ ਕਿਸ ਤਰ੍ਹਾਂ ਕੰਮ ਕਰਦਾ ਹੈ?***

ਪੀ ਜੀ ਟੀ ਕਿਸੇ ਵਸੀਅਤ ਵਿਚ ਪ੍ਰਬੰਧਕ ਨਿਯੁਕਤ ਕੀਤੇ ਜਾਣ ਲਈ ਸਹਿਮਤ ਹੋ ਸਕਦਾ ਹੈ। ਬਹੁਤੇ ਲੋਕ ਕਿਸੇ ਨੇੜਲੇ ਰਿਸ਼ਤੇਦਾਰ ਜਾਂ ਭਰੋਸੇਯੋਗ ਦੋਸਤ ਨੂੰ ਨਿਯੁਕਤ ਕਰਦੇ ਹਨ। ਕੁਝ ਲੋਕ ਕਿਸੇ ਪੇਸ਼ਾਵਰ ਪ੍ਰਬੰਧਕ ਨੂੰ ਤਰਜੀਹ ਦਿੰਦੇ ਹਨ ਜਿਵੇਂ ਕਿ ਕੋਈ ਵਕੀਲ, ਟਰੱਸਟ ਕੰਪਨੀ ਜਾਂ ਪੀ ਜੀ ਟੀ। ਜੇ ਤੁਸੀਂ ਪੀ ਜੀ ਟੀ ਨੂੰ ਪ੍ਰਬੰਧਕ ਵਜੋਂ ਨਿਯੁਕਤ ਕਰਨ ਬਾਰੇ ਸੋਚ ਰਹੇ ਹੋਵੋ ਤਾਂ ਕਿਰਪਾ ਕਰਕੇ ਇਹ ਵਿਚਾਰ ਕਰਨ ਲਈ **ਇਸਟੇਟ ਐਂਡ ਪਰਸਨਲ ਟਰੱਸਟ ਸਰਵਿਸਿਜ਼** ਨਾਲ ਸੰਪਰਕ ਕਰੋ ਕਿ ਕੀ ਪੀ ਜੀ ਟੀ ਇਕ ਢੁਕਵੀਂ ਚੋਣ ਹੈ ਅਤੇ ਕੀ ਇਹ ਤੁਹਾਡੀ ਵਸੀਅਤ ਦੇ ਪ੍ਰਬੰਧਕ ਵਜੋਂ ਕੰਮ ਕਰਨ ਲਈ ਸਹਿਮਤ ਹੋਵੇਗਾ।

## ਬਿਨਾਂ ਵਸੀਅਤ ਵਾਲੀ ਕਿਸੇ ਇਸਟੇਟ ਦੇ ਵਾਰਸ ਲੱਭਣਾ

***ਪੀ ਜੀ ਟੀ ਆਪਣੇ ਪ੍ਰਬੰਧ ਹੇਠਲੀਆਂ ਬਿਨਾਂ ਵਸੀਅਤ ਵਾਲੀਆਂ ਇਸਟੇਟਾਂ ਦੇ ਵਾਰਸ ਕਿਵੇਂ ਲੱਭਦਾ ਹੈ?***

ਪੀ ਜੀ ਟੀ ਜਦੋਂ ਕਿਸੇ ਇਸਟੇਟ ਦਾ ਪ੍ਰਬੰਧ ਚਲਾਉਂਦਾ ਹੈ ਤਾਂ ਇਹ ਬਿਨਾਂ ਵਸੀਅਤ ਵਾਲੀ ਇਸਟੇਟ ਦੇ ਵਾਰਸਾਂ ਨੂੰ ਲੱਭਣ ਲਈ ਵੱਡੀਆਂ ਕੋਸ਼ਿਸ਼ਾਂ ਕਰਦਾ ਹੈ। ਇਹ ਕੰਮ ਆਮ ਤੌਰ 'ਤੇ ਮ੍ਰਿਤਕ ਦੇ ਨਿੱਜੀ ਰਿਕਾਰਡ ਚੈੱਕ ਕਰਕੇ ਅਤੇ ਮ੍ਰਿਤਕ ਨਾਲ ਸੰਬੰਧਿਤ ਵਿਅਕਤੀਆਂ ਨਾਲ ਗੱਲ ਕਰਕੇ ਸ਼ੁਰੂ ਹੁੰਦਾ ਹੈ ਜਿਵੇਂ ਕਿ ਮ੍ਰਿਤਕ ਦੀ ਸੰਭਾਲ ਕਰਨ ਵਾਲੇ, ਸਾਥੀ ਜਾਂ ਦੋਸਤ। ਜਦੋਂ ਨੇੜਲੇ ਸਾਕ-ਸੰਬੰਧੀ ਦੀ ਇਸ ਤਰੀਕੇ ਨਾਲ ਪਛਾਣ ਅਤੇ ਭਾਲ ਹੋ ਜਾਵੇ ਤਾਂ ਇਹ ਫੈਸਲਾ ਕਰਨਾ ਅਕਸਰ ਸੌਖਾ ਹੁੰਦਾ ਹੈ ਕਿ ਕਾਨੂੰਨ ਮੁਤਾਬਕ ਕੌਣ ਵਿਰਾਸਤ ਦਾ ਹੱਕਦਾਰ ਹੈ। ਪੀ ਜੀ ਟੀ ਸੰਭਾਵੀ ਨੇੜਲੇ ਸਾਕ-ਸੰਬੰਧੀ ਨਾਲ ਸੰਪਰਕ ਕਰਦਾ ਹੈ ਅਤੇ ਉਨ੍ਹਾਂ ਦੀ ਪਛਾਣ ਦਾ ਸਬੂਤ ਲੈਣ ਅਤੇ ਮ੍ਰਿਤਕ ਨਾਲ ਉਸ ਦਾ ਰਿਸ਼ਤਾ ਪਤਾ ਲਾਉਣ ਲਈ ਉਨ੍ਹਾਂ ਨਾਲ ਰਲ ਕੇ ਕੰਮ ਕਰਦਾ ਹੈ।

ਬਹੁਤ ਸਾਰੇ ਕੇਸਾਂ ਵਿਚ, ਨੇੜਲੇ ਸਾਕ-ਸੰਬੰਧੀ ਦੀ ਪਛਾਣ ਕਰਨਾ ਅਤੇ ਉਸ ਦਾ ਪਤਾ ਲਾਉਣਾ ਬਹੁਤ ਔਖਾ ਹੁੰਦਾ ਹੈ। ਨੇੜਲੇ ਸਾਕ-ਸੰਬੰਧੀ ਦਾ ਥਾਂ ਟਿਕਾਣਾ ਲੱਭਣ ਲਈ ਪੀ ਜੀ ਟੀ ਸਾਰੇ ਆਮ ਵਸੀਲੇ ਵਰਤ ਕੇ ਦੇਖੇਗਾ, ਅਤੇ ਮ੍ਰਿਤਕ ਦੇ ਫੈਮਿਲੀ ਟ੍ਰੀ ਨੂੰ ਡਾਕੂਮੈਂਟ ਕਰਨ ਲਈ ਪੇਸ਼ਾਵਰ ਜੀਨੀਓਲੋਜਿਸਟਸ ਜਾਂ ਹੋਰ ਪੜਤਾਲਕਾਰਾਂ ਦੀਆਂ ਸੇਵਾਵਾਂ ਲੈ ਸਕਦਾ ਹੈ। ਇਹ ਮਾਹਰ ਕਈ ਤਰ੍ਹਾਂ ਦੀਆਂ ਤਕਨੀਕਾਂ ਵਰਤਦੇ ਹਨ ਜਿਨ੍ਹਾਂ ਵਿਚ ਜਨਮ, ਵਿਆਹ ਅਤੇ ਮੌਤ ਦੇ ਰਿਕਾਰਡਾਂ ਦੀ ਭਾਲ ਕਰਨਾ, ਹੋਰ ਡੈਟਾਬੇਸਾਂ ਅਤੇ ਰਿਕਾਰਡਾਂ ਦੀ ਭਾਲ ਕਰਨਾ, ਅਤੇ ਇਸ ਦੇ ਨਾਲ ਨਾਲ ਉਨ੍ਹਾਂ ਲੋਕਾਂ ਜਾਂ ਏਜੰਸੀਆਂ ਨਾਲ ਸੰਪਰਕ ਕਰਨਾ ਸ਼ਾਮਲ ਹਨ ਜਿਨ੍ਹਾਂ ਕੋਲ ਨੇੜਲੇ ਸਾਕ-ਸੰਬੰਧੀ ਬਾਰੇ ਜਾਣਕਾਰੀ ਹੋ ਸਕਦੀ ਹੈ। ਬਿਨਾਂ ਵਸੀਅਤ ਵਾਲੀ ਇਸਟੇਟ ਦੇ ਵਾਰਸਾਂ ਦੀਆਂ ਹੋਰ ਭਾਲ ਕੈਨੇਡਾ ਵਿਚ ਅਤੇ ਹੋਰ ਦੇਸ਼ਾਂ ਵਿਚ ਕੀਤੀ ਜਾਣੀ ਜ਼ਰੂਰੀ ਹੈ। ਇਨ੍ਹਾਂ ਭਾਲਾਂ ਵਿਚ ਮਦਦ ਲਈ ਜਦੋਂ ਪੀ ਜੀ ਟੀ ਪੇਸ਼ਾਵਰ ਲੋਕਾਂ ਦੀਆਂ ਸੇਵਾਵਾਂ ਲੈਂਦਾ ਹੈ ਤਾਂ ਉਨ੍ਹਾਂ ਦੀਆਂ ਫੀਸਾਂ ਇਸਟੇਟ ਵਿੱਚੋਂ ਦਿੱਤੀਆਂ ਜਾਂਦੀਆਂ ਹਨ।

***ਜੇ ਕੋਈ ਵਿਅਕਤੀ ਮੇਰੇ ਤੱਕ ਪਹੁੰਚ ਕਰਦਾ ਹੈ ਅਤੇ ਮੈਨੂੰ ਕਿਸੇ ਵਿਰਾਸਤ ਬਾਰੇ ਜਾਣਕਾਰੀ ਦੇਣ ਲਈ ਸਹਿਮਤ ਹੁੰਦਾ ਹੈ ਅਤੇ ਬਦਲੇ ਵਿਚ ਇਸਟੇਟ ਦੀ ਕੋਈ ਪ੍ਰਤੀਸ਼ਤ ਮੰਗਦਾ ਹੈ ਤਾਂ ਮੈਂ ਕੀ ਕਰਨਾ ਹੈ?***

ਬਿਨਾਂ ਵਸੀਅਤ ਵਾਲੀ ਇਸਟੇਟ ਦੇ ਕਿਸੇ ਵਾਰਸ ਨੂੰ ਲੱਭਣ ਲਈ ਪੀ ਜੀ ਟੀ ਦੀ ਤਰਫੋਂ ਠੇਕੇ 'ਤੇ ਕੀਤਾ ਗਿਆ ਕੋਈ ਪੇਸ਼ਾਵਰ ਵਿਅਕਤੀ ਤੁਹਾਨੂੰ ਕਦੇ ਵੀ ਕਿਸੇ ਅਜਿਹੇ ਐਗਰੀਮੈਂਟ 'ਤੇ ਦਸਖਤ ਕਰਨ ਨੂੰ ਨਹੀਂ ਕਹੇਗਾ ਜਿਹੜਾ ਇਹ ਕਹਿੰਦਾ ਹੋਵੇ ਕਿ ਤੁਸੀਂ ਇਸਟੇਟ ਦਾ ਇਕ ਹਿੱਸਾ ਉਸ ਨੂੰ ਦਿਉ।

ਅਜਿਹੇ ਵਿਅਕਤੀ ਹਨ – ਜਿਨ੍ਹਾਂ ਨੂੰ ਕਦੇ ਕਦੇ ਹੇਅਰ ਟਰੇਸਰ (ਵਾਰਸ ਲੱਭਣ ਵਾਲੇ) ਆਖਿਆ ਜਾਂਦਾ ਹੈ – ਜੋ ਕਿ ਬਿਜ਼ਨਸ ਦੇ ਤੌਰ 'ਤੇ ਉਨ੍ਹਾਂ ਲੋਕਾਂ ਨੂੰ ਲੱਭਦੇ ਹਨ ਜਿਹੜੇ ਕਿਸੇ ਵਿਰਾਸਤ ਵਿਚ ਆਪਣੀ ਹੱਕਦਾਰੀ ਤੋਂ ਜਾਣੂ ਨਹੀਂ ਹੁੰਦੇ। ਵਾਰਸ ਲੱਭਣ ਵਾਲੇ ਅਕਸਰ ਕਿਸੇ ਵਿਅਕਤੀ ਨੂੰ ਇਹ ਜਾਣਕਾਰੀ ਦੇਣ ਤੋਂ ਪਹਿਲਾਂ ਕਾਫੀ ਵੱਡੀ "ਫਾਈਂਡਰਜ਼ ਫੀਸ" ਮੰਗਦੇ ਹਨ ਜਿਸ ਦੀ ਉਸ ਵਿਅਕਤੀ ਨੂੰ ਵਿਰਾਸਤ ਤੱਕ ਪਹੁੰਚ ਕਰਨ ਲਈ ਲੋੜ ਹੁੰਦੀ ਹੈ ਜਾਂ

ਵਿਰਾਸਤ ਲੈਣ ਲਈ ਉਸ ਦੀ ਤਰਫੋਂ ਕੰਮ ਕਰਨ ਲਈ ਫੀਸ ਮੰਗਦੇ ਹਨ। ਇਸ ਚੀਜ਼ ਦੀ ਮੰਗ ਨਹੀਂ ਕੀਤੀ ਜਾਂਦੀ ਕਿ ਪੀ ਜੀ ਟੀ ਦੇ ਪ੍ਰਬੰਧਕੀ ਹੇਠਲੀ ਕਿਸੇ ਇਸਟੇਟ ਤੋਂ ਵਿਰਾਸਤ ਲੈਣ ਵਿਚ ਤੁਹਾਡੀ ਮਦਦ ਲਈ ਤੁਹਾਨੂੰ "ਹੇਅਰ ਟਰੇਸਰ" ਦੀ ਲੋੜ ਹੈ। ਜਿਨ੍ਹਾਂ ਇਸਟੇਟਾਂ ਦਾ ਅਸੀਂ ਪ੍ਰਬੰਧ ਚਲਾਉਂਦੇ ਹਾਂ ਉਨ੍ਹਾਂ ਦੇ ਸਾਰੇ ਬੇਵਸੀਅਤੇ ਕਾਨੂੰਨੀ ਵਾਰਸ ਲੱਭਣ ਲਈ ਪੀ ਜੀ ਟੀ ਪੂਰੀ ਕੋਸ਼ਿਸ਼ ਕਰੇਗਾ।

ਜੇ ਤੁਹਾਨੂੰ ਸ਼ੱਕ ਹੋਵੇ ਕਿ ਤੁਹਾਡਾ ਕਿਸੇ ਉਸ ਇਸਟੇਟ ਵਿਚ ਹਿੱਤ ਹੋ ਸਕਦਾ ਹੈ ਜਿਸ ਦਾ ਪ੍ਰਬੰਧ ਪੀ ਜੀ ਟੀ ਚਲਾ ਰਿਹਾ ਹੈ ਪਰ ਤੁਹਾਨੂੰ ਪੱਕਾ ਪਤਾ ਨਾ ਹੋਵੇ ਤਾਂ ਕਿਰਪਾ ਕਰਕੇ ਪੀ ਜੀ ਟੀ ਨਾਲ ਸੰਪਰਕ ਕਰੋ। ਤੁਹਾਨੂੰ ਪੀ ਜੀ ਟੀ ਨੂੰ ਮ੍ਰਿਤਕ ਵਿਅਕਤੀ ਦਾ ਪੂਰਾ ਨਾਂ ਅਤੇ ਉਸ ਨਾਲ ਆਪਣਾ ਰਿਸ਼ਤਾ ਦੱਸਣ ਦੀ ਲੋੜ ਪਵੇਗੀ। ਇਹ ਪਤਾ ਲਾਉਣ ਵਿਚ ਪੀ ਜੀ ਟੀ ਤੁਹਾਡੀ ਮਦਦ ਕਰਨ ਦੀ ਕੋਸ਼ਿਸ਼ ਕਰੇਗਾ ਕਿ ਕੀ ਤੁਸੀਂ ਸੰਭਾਵੀ ਬੇਵਸੀਅਤੇ ਵਾਰਸ ਹੋ ਸਕਦੇ ਹੋ ਜਾਂ ਨਹੀਂ। ਪੀ ਜੀ ਟੀ ਇਸ ਜਾਣਕਾਰੀ ਲਈ ਫੀਸ ਨਹੀਂ ਲੈਂਦੀ ਅਤੇ ਜੇ ਤੁਸੀਂ ਸੰਭਾਵੀ ਬੇਵਸੀਅਤੇ ਵਾਰਸ ਪਾਏ ਗਏ ਤਾਂ ਪੀ ਜੀ ਟੀ ਦਾ ਸਟਾਫ ਤੁਹਾਨੂੰ ਇਹ ਦੱਸੇਗਾ ਕਿ ਇਸਟੇਟ ਤੋਂ ਵਿਰਾਸਤ ਦੇ ਆਪਣੇ ਹੱਕ ਨੂੰ ਸਾਬਤ ਕਰਨ ਲਈ ਤੁਹਾਡੇ ਵਲੋਂ ਕਿਸ ਚੀਜ਼ ਦੀ ਲੋੜ ਹੈ।

***ਪੀ ਜੀ ਟੀ ਨੂੰ ਇਹ ਕਿਵੇਂ ਪਤਾ ਲੱਗਦਾ ਹੈ ਕਿ ਬਿਨਾਂ ਵਸੀਅਤ ਵਾਲੀ ਕਿਸੇ ਇਸਟੇਟ ਦਾ ਵਾਰਸ ਹੋਣ ਦਾ ਦਾਅਵਾ ਕਰਨ ਵਾਲੇ ਕਿਸੇ ਵਿਅਕਤੀ ਦਾ ਕਲੇਮ ਸਹੀ ਹੈ?***

ਪੀ ਜੀ ਟੀ ਨੂੰ ਇਹ ਵਾਜਬ ਯਕੀਨ ਹੋਣਾ ਜ਼ਰੂਰੀ ਹੈ ਕਿ ਕੋਈ ਹੋਰ ਨਹੀਂ ਹੈ ਜਿਹੜਾ ਬਿਨਾਂ ਵਸੀਅਤ ਵਾਲੀ ਕਿਸੇ ਇਸਟੇਟ ਦੇ ਵਾਰਸ ਹੋਣ ਦਾ ਕਲੇਮ ਕਰ ਰਹੇ ਵਿਅਕਤੀ ਨਾਲੋਂ ਜ਼ਿਆਦਾ ਨੇੜੇ ਦਾ ਸੰਬੰਧੀ ਹੈ ਅਤੇ ਇਹ ਕਿ ਬਿਨਾਂ ਵਸੀਅਤ ਵਾਲੀ ਇਸਟੇਟ ਦੇ ਵਾਰਸ ਦੀ ਪਛਾਣ ਦਾ ਕਾਗਜ਼ੀ ਸਬੂਤ ਉਨ੍ਹਾਂ ਦਾ ਰਿਸ਼ਤਾ ਸਾਬਤ ਕਰਨ ਲਈ ਕਾਫੀ ਹੈ। ਪੀ ਜੀ ਟੀ ਅਜਿਹਾ ਮ੍ਰਿਤਕ ਵਿਅਕਤੀ ਦੇ ਫੈਮਿਲੀ ਟ੍ਰੀ ਦੀ ਤਸਦੀਕ ਕਰਕੇ ਕਰਦਾ ਹੈ, ਇਹ ਪੱਕਾ ਕਰਦੇ ਹੋਏ ਕਿ ਪੀੜ੍ਹੀਆਂ ਵਿਚਕਾਰ ਸਾਰੇ ਸੰਬੰਧ ਸਾਬਤ ਹੋ ਗਏ ਹਨ।

***ਜੇ ਪੀ ਜੀ ਟੀ ਬਿਨਾਂ ਵਸੀਅਤ ਵਾਲੀ ਕਿਸੇ ਇਸਟੇਟ ਦੇ ਵਾਰਸ ਨਾ ਲੱਭ ਸਕੇ ਤਾਂ ਕੀ ਹੁੰਦਾ ਹੈ?***

ਪੀ ਜੀ ਟੀ ਆਪਣੇ ਪ੍ਰਬੰਧ ਹੇਠਲੀਆਂ ਸਾਰੀਆਂ ਇਸਟੇਟਾਂ ਦੇ ਬਿਨਾਂ ਵਸੀਅਤ ਵਾਲੇ ਵਾਰਸ ਲੱਭਣ ਦੇ ਯਤਨ ਕਰਦਾ ਹੈ। ਜੇ ਪੀ ਜੀ ਟੀ ਕਿਸੇ ਇਸਟੇਟ ਦੇ ਬਿਨਾਂ ਵਸੀਅਤ ਵਾਲੇ ਵਾਰਸ ਲੱਭਣ ਦੇ ਅਸਮਰਥ ਹੋਵੇ ਤਾਂ ਸਾਰੀ ਇਸਟੇਟ ਜਾਂ ਇਸਟੇਟ ਦਾ ਹਿੱਸਾ ਬੀ ਸੀ ਅਨਕਲੇਮਡ ਪ੍ਰਾਪਰਟੀ ਸੁਸਾਇਟੀ ਨੂੰ ਤਬਦੀਲ ਕੀਤਾ ਜਾ ਸਕਦਾ ਹੈ। ਅਜਿਹਾ ਸਿਰਫ ਸਾਰੀਆਂ ਵਾਜਬ ਭਾਲਾਂ ਖਤਮ ਹੋ ਜਾਣ ਤੋਂ ਬਾਅਦ ਹੀ ਕੀਤਾ ਜਾਂਦਾ ਹੈ। ਜੇ ਬਾਅਦ ਵਿਚ ਬਿਨਾਂ ਵਸੀਅਤ ਵਾਲਾ ਵਾਰਸ ਸਾਹਮਣੇ ਆ ਜਾਵੇ ਤਾਂ ਉਹ ਸਿੱਧਾ ਬੀ ਸੀ ਅਨਕਲੇਮਡ ਪ੍ਰਾਪਰਟੀ ਸੁਸਾਇਟੀ ਕੋਲ ਕਲੇਮ ਕਰ ਸਕਦਾ ਹੈ।

# ਇਸਟੇਟ ਅਤੇ ਟਰੱਸਟਾਂ ਬਾਰੇ ਆਮ ਸਵਾਲ

ਇਨ੍ਹਾਂ **ਆਮ ਪੁੱਛੇ ਜਾਂਦੇ ਸਵਾਲਾਂ** ਵਿਚ ਦਿੱਤੀ ਗਈ ਜਾਣਕਾਰੀ ਦਾ ਮਕਸਦ ਇਸਟੇਟਾਂ ਦੇ ਪ੍ਰਬੰਧ ਦੇ ਸੰਬੰਧ ਵਿਚ ਜ਼ਿਆਦਾ ਆਮ ਪੁੱਛੇ ਜਾਂਦੇ ਸਵਾਲਾਂ ਬਾਰੇ ਆਮ ਜਾਣਕਾਰੀ ਦੇਣਾ ਹੈ। ਜੇ ਤੁਹਾਡੇ ਮਨ ਵਿਚ ਕਿਸੇ ਇਸਟੇਟ ਬਾਰੇ ਖਾਸ ਸਵਾਲ ਹੋਣ ਜਿਸ ਦਾ ਤੁਸੀਂ ਪ੍ਰਬੰਧ ਚਲਾ ਰਹੇ ਹੋ ਜਾਂ ਜਿਸ ਵਿਚ ਤੁਸੀਂ ਸ਼ਾਮਲ ਹੋ ਤਾਂ ਤੁਹਾਨੂੰ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ।

## ਕਿਸੇ ਇਸਟੇਟ ਦਾ ਪ੍ਰਬੰਧ ਚਲਾਉਣਾ

***ਕਿਸੇ ਇਸਟੇਟ ਦਾ ਪ੍ਰਬੰਧ ਚਲਾਉਣ ਵਿਚ ਕੀ ਸ਼ਾਮਲ ਹੈ?***

ਸੰਖੇਪ ਵਿਚ, ਕਿਸੇ ਇਸਟੇਟ ਦਾ ਪ੍ਰਬੰਧ ਚਲਾਉਣ ਵਿਚ ਇਹ ਸ਼ਾਮਲ ਹਨ:

- ਸੰਸਕਾਰ ਦੇ ਪ੍ਰਬੰਧ ਕਰਨਾ
- ਸੰਪਤੀ (ਐਸਿਟਸ) ਦੀ ਪਛਾਣ ਕਰਨਾ, ਇਸ ਨੂੰ ਸੁਰੱਖਿਅਤ ਕਰਨਾ ਅਤੇ ਇਸ ਨਾਲ ਸਿੱਝਣਾ
- ਕਾਰਜ ਕਰਨ ਲਈ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਤੋਂ ਅਧਿਕਾਰ ਲੈਣਾ
- ਟੈਕਸ ਰਿਟਰਨਾਂ ਭਰਨਾ
- ਵਾਜਬ ਦੇਣਦਾਰੀਆਂ ਦੀ ਪਛਾਣ ਕਰਨਾ ਅਤੇ ਇਹ ਅਦਾ ਕਰਨਾ
- ਇਸਟੇਟ ਦਾ ਬਚਦਾ ਹਿੱਸਾ ਠੀਕ ਬੇਵਸੀਅਤੇ ਵਾਰਸਾਂ ਅਤੇ/ਜਾਂ ਲਾਭ ਪਾਤਰਾਂ ਨੂੰ ਵੰਡਣਾ।

ਮੁਕੰਮਲ ਅਤੇ ਸਹੀ ਰਿਕਾਰਡ ਰੱਖੇ ਜਾਣੇ ਜ਼ਰੂਰੀ ਹਨ ਅਤੇ ਜੇ ਇਹ ਬੇਵਸੀਅਤੇ ਵਾਰਸਾਂ ਜਾਂ ਲਾਭ ਪਾਤਰਾਂ ਵਲੋਂ ਮੰਗੇ ਜਾਣ ਤਾਂ ਉਨ੍ਹਾਂ ਨੂੰ ਦਿੱਤੇ ਜਾਣੇ ਜ਼ਰੂਰੀ ਹਨ। ਇਸਟੇਟ ਦੀ ਪ੍ਰਬੰਧਕੀ ਨੂੰ ਪੂਰਾ ਹੋਣ ਲਈ ਅਕਸਰ 2 ਸਾਲ ਜਾਂ ਜ਼ਿਆਦਾ ਸਮਾਂ ਲੱਗ ਜਾਂਦਾ ਹੈ।

ਛੋਟੀਆਂ ਇਸਟੇਟਾਂ ਜਿਨ੍ਹਾਂ ਕੋਲ ਮੋਬਾਇਲ ਹੋਮ, ਰੀਅਲ ਪ੍ਰਾਪਰਟੀ ਜਾਂ ਇਨਵੈਸਟਮੈਂਟਾਂ ਨਹੀਂ ਹੁੰਦੀਆਂ, ਉਨ੍ਹਾਂ ਨੂੰ ਅਦਾਲਤਾਂ ਤੋਂ ਰਸਮੀ ਅਧਿਕਾਰ ਲੈਣ ਦੀ ਲੋੜ ਨਹੀਂ ਹੋ ਸਕਦੀ ਹੈ। ਪ੍ਰੋਬੇਟ (ਵਸੀਅਤ ਦੀ ਤਸਦੀਕ ਦੀ) ਲਈ ਲੋੜ ਦਾ ਫੈਸਲਾ ਏਜੰਸੀ ਜਾਂ ਉਸ ਵਿੱਤੀ ਸੰਸਥਾ ਦੀ ਪਾਲਸੀ ਵਲੋਂ ਕੀਤਾ ਜਾਂਦਾ ਹੈ ਜਿਸ ਕੋਲ ਸੰਪਤੀ ਹੁੰਦੀ ਹੈ।

ਜੇ ਤੁਸੀਂ ਕਿਸੇ ਇਸਟੇਟ ਦਾ ਪ੍ਰਬੰਧ ਚਲਾਉਣ ਬਾਰੇ ਵਿਚਾਰ ਕਰ ਰਹੇ ਹੋਵੋ ਤਾਂ ਤੁਸੀਂ ਸੈਲਫ ਕੌਂਸਲ ਪਰੈੱਸ ਦੀ "ਬ੍ਰਿਟਿਸ਼ ਕੋਲੰਬੀਆ ਪ੍ਰੋਬੇਟ ਕਿੱਟ" ਦੇਖ ਸਕਦੇ ਹੋ ਜਾਂ ਕਿਸੇ ਵਕੀਲ ਨਾਲ ਸੰਪਰਕ ਕਰੋ।

### *ਬੀ ਸੀ ਵਿਚ ਪ੍ਰੋਬੇਟ (ਵਸੀਅਤ ਦੀ ਤਸਦੀਕ ਦੀਆਂ) ਫੀਸਾਂ ਕਿੰਨੀਆਂ ਹਨ?*

ਬੀ ਸੀ ਵਿਚਲੀਆਂ ਇਸਟੇਟਾਂ ਨੂੰ ਪ੍ਰੋਬੇਟ ਫੀਸਾਂ ਦੇਣੀਆਂ ਪੈ ਸਕਦੀਆਂ ਹਨ ਜੋ ਕਿ ਉਹ ਫੀਸਾਂ ਹਨ ਜਿਹੜੀਆਂ ਅਦਾਲਤ ਤੋਂ ਅਧਿਕਾਰ ਲੈਣ ਲਈ ਅਪਲਾਈ ਕਰਨ ਵੇਲੇ ਤੁਹਾਨੂੰ ਸੂਬੇ ਨੂੰ ਦੇਣੀਆਂ ਪੈਂਦੀਆਂ ਹਨ। ਪ੍ਰੋਬੇਟ ਫੀਸਾਂ ਬਾਰੇ ਹੋਰ ਵੇਰਵਿਆਂ ਲਈ **ਇੱਥੇ** ਕਲਿੱਕ ਕਰੋ।

### *ਇਗਜ਼ੈਕਿਊਟਰ ਅਤੇ ਐਡਮਿਨਸਟਰੇਟਰ ਵਿਚਕਾਰ ਕੀ ਫਰਕ ਹੈ?*

ਇਹ ਫਰਕ ਇਸ ਗੱਲ ਨਾਲ ਸੰਬੰਧਿਤ ਹੈ ਕਿ ਕੀ ਅਜਿਹੀ ਵਸੀਅਤ ਹੈ ਜਾਂ ਨਹੀਂ ਜਿਹੜੀ ਖਾਸ ਤੌਰ 'ਤੇ ਇਹ ਦੱਸਦੀ ਹੈ ਕਿ ਇਸਟੇਟ ਦਾ ਪ੍ਰਬੰਧ ਚਲਾਉਣ ਲਈ ਕੌਣ ਜ਼ਿੰਮੇਵਾਰ ਹੋਵੇਗਾ।

ਜੇ ਵਸੀਅਤ ਹੋਵੇ ਤਾਂ ਅੱਗੇ ਲਿਖੀਆਂ ਦੋ ਚੋਣਾਂ ਲਾਗੂ ਹੁੰਦੀਆਂ ਹਨ।

- ਇਗਜ਼ੈਕਿਊਟਰ ਦਾ ਨਾਂ ਵਸੀਅਤ ਵਿਚ ਲਿਖਿਆ ਜਾਂਦਾ ਹੈ ਅਤੇ ਉਸ ਕੋਲ ਲੈਟਰਜ਼ ਪ੍ਰੋਬੇਟ ਲਈ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਕੋਲ ਅਪਲਾਈ ਕਰਨ ਦਾ ਹੱਕ ਹੁੰਦਾ ਹੈ ਜੋ ਕਿ ਕਾਰਜ ਕਰਨ ਦੇ ਹੱਕ ਦੀ ਤਸਦੀਕ ਕਰਦੀ ਹੈ।
- ਜੇ ਵਸੀਅਤ ਵਿਚਲੇ ਇਗਜ਼ੈਕਿਊਟਰ ਦੀ ਪਹਿਲਾਂ ਮੌਤ ਹੋ ਜਾਵੇ ਜਾਂ ਉਹ ਕਾਰਜ ਕਰਨ ਤੋਂ ਨਾਂਹ ਕਰ ਦੇਵੇ ਤਾਂ ਲਾਭ ਪਾਤਰਾਂ ਵਿੱਚੋਂ ਕੋਈ ਲਾਭ ਪਾਤਰ ਐਡਮਿਨਸਟਰੇਟਰ ਵਜੋਂ ਨਿਯੁਕਤ ਕੀਤੇ ਜਾਣ ਲਈ ਅਦਾਲਤ ਕੋਲ ਅਪਲਾਈ ਕਰ ਸਕਦਾ ਹੈ ਅਤੇ ਇਹ ਕਰਨ ਲਈ ਉਹ ਵਸੀਅਤ ਨਾਲ ਨੱਥੀ ਕਰਕੇ ਪ੍ਰਬੰਧਕੀ ਦੀਆਂ ਚਿੱਠੀਆਂ (ਲੈਟਰਜ਼ ਔਫ ਐਡਮਿਨਸਟਰੇਸ਼ਨ) ਲੈ ਸਕਦਾ ਹੈ।

ਜੇ ਵਸੀਅਤ ਨਾ ਹੋਵੇ ਤਾਂ ਕੋਈ ਵਿਅਕਤੀ ਵਸੀਅਤ ਨਾਲ ਲਾਏ ਬਿਨਾਂ ਪ੍ਰਬੰਧਕੀ ਦੀਆਂ ਚਿੱਠੀਆਂ ਲੈਣ ਲਈ ਅਤੇ ਇਸਟੇਟ ਦਾ ਐਡਮਿਨਸਟਰੇਟਰ ਨਿਯੁਕਤ ਕੀਤੇ ਜਾਣ ਲਈ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਕੋਲ ਅਪਲਾਈ ਕਰ ਸਕਦਾ ਹੈ।

### *ਲਾਭ ਪਾਤਰਾਂ ਅਤੇ ਬੇਵਸੀਅਤੇ ਵਾਰਸਾਂ ਵਿਚਕਾਰ ਕੀ ਫਰਕ ਹੈ?*

ਲਾਭ ਪਾਤਰਾਂ ਨੂੰ ਵਿਰਾਸਤ ਵਸੀਅਤ ਵਿਚ ਨਾਂ ਹੋਣ ਕਰਕੇ ਮਿਲਦੀ ਹੈ। ਬੇਵਸੀਅਤੇ ਵਾਰਸ ਉਹ ਨੇੜਲੇ ਸਾਕ-ਸੰਬੰਧੀ ਹੁੰਦੇ ਹਨ ਜਿਨ੍ਹਾਂ ਨੂੰ ਵਿਰਾਸਤ ***ਵਿਲਜ਼, ਇਸਟੇਟਸ ਅਤੇ ਸਕਸੈਸ਼ਨ ਐਕਟ*** ਵਿਚਲੀਆਂ ਸ਼ਰਤਾਂ ਮੁਤਾਬਕ ਮਿਲਦੀ ਹੈ ਜਦੋਂ ਵਸੀਅਤ ਨਹੀਂ ਬਣਾਈ ਗਈ ਹੁੰਦੀ।

### *ਜੇ ਕੋਈ ਵਸੀਅਤ ਨਾ ਹੋਵੇ ਤਾਂ ਇਸਟੇਟ ਦਾ ਪ੍ਰਬੰਧ ਕੌਣ ਚਲਾਉਂਦਾ ਹੈ?*

ਜਦੋਂ ਕਿਸੇ ਵਿਅਕਤੀ ਦੀ ਵਸੀਅਤ ਬਿਨਾਂ ਮੌਤ ਹੋ ਜਾਂਦੀ ਹੈ ਤਾਂ ***ਵਿਲਜ਼, ਇਸਟੇਟਸ ਅਤੇ ਸਕਸੈਸ਼ਨ ਐਕਟ*** ਉਨ੍ਹਾਂ ਲੋਕਾਂ ਬਾਰੇ ਦੱਸਦਾ ਹੈ ਜਿਨ੍ਹਾਂ ਨੂੰ ਇਸਟੇਟ ਦਾ ਪ੍ਰਬੰਧ ਚਲਾਉਣ ਦਾ ਹੱਕ ਹੁੰਦਾ ਹੈ।

ਤਰਜੀਹ ਦੇ ਹਿਸਾਬ ਨਾਲ ਉਹ ਹਨ:

- ਸਪਾਉਸ (ਪਤਨੀ/ਪਤੀ) ਜਾਂ ਸਪਾਉਸ ਵਲੋਂ ਨਿਯੁਕਤ ਕੀਤਾ ਗਿਆ ਹੋਈ ਵਿਅਕਤੀ;
- ਕੋਈ ਬੱਚਾ ਜਿਸ ਨੂੰ ਬਹੁਗਿਣਤੀ ਬੱਚਿਆਂ ਦੀ ਸਹਿਮਤੀ ਹਾਸਲ ਹੈ ਜਾਂ ਉਸ ਬੱਚੇ ਵਲੋਂ ਨਿਯੁਕਤ ਕੀਤਾ ਗਿਆ ਕੋਈ ਵਿਅਕਤੀ;

- ਕੋਈ ਬੱਚਾ ਜਿਸ ਨੂੰ ਬਹੁਗਿਣਤੀ ਬੱਚਿਆਂ ਦੀ ਸਹਿਮਤੀ ਹਾਸਲ ਨਹੀਂ ਹੈ;
- ਸਪਾਊਸ ਜਾਂ ਬੱਚੇ ਦੇ ਇਲਾਵਾ, ਬਿਨਾਂ ਵਸੀਅਤ ਵਾਲੀ ਇਸਟੇਟ ਦਾ ਕੋਈ ਵਾਰਸ ਜਿਸ ਨੂੰ ਬੇਵਸੀਅਤੇ ਵਾਰਸਾਂ ਦੀ ਬਹੁਗਿਣਤੀ ਦੀ ਸਹਿਮਤੀ ਹਾਸਲ ਹੈ;
- ਸਪਾਊਸ ਜਾਂ ਬੱਚੇ ਦੇ ਇਲਾਵਾ, ਬਿਨਾਂ ਵਸੀਅਤ ਵਾਲੀ ਇਸਟੇਟ ਦਾ ਕੋਈ ਵਾਰਸ ਜਿਸ ਨੂੰ ਬੇਵਸੀਅਤੇ ਵਾਰਸਾਂ ਦੀ ਬਹੁਗਿਣਤੀ ਦੀ ਸਹਿਮਤੀ ਹਾਸਲ ਨਹੀਂ ਹੈ;
- ਕੋਈ ਵੀ ਹੋਰ ਵਿਅਕਤੀ ਜਿਸ ਨੂੰ ਅਦਾਲਤ ਨਿਯੁਕਤ ਕਰਨ ਲਈ ਢੁਕਵਾਂ ਸਮਝਦੀ ਹੈ ਜਿਸ ਵਿਚ ਪੀ ਜੀ ਟੀ ਵੀ ਸ਼ਾਮਲ ਹੈ।

ਜੇ ਕੋਈ ਨੇੜਲਾ ਸਾਕ-ਸੰਬੰਧੀ ਨਾ ਹੋਵੇ ਜਿਹੜਾ ਇਹ ਜ਼ਿੰਮੇਵਾਰੀ ਚੁੱਕਣ ਦਾ ਖਾਹਸ਼ਮੰਦ ਅਤੇ ਯੋਗ ਹੋਵੇ ਤਾਂ ਫਿਰ ਪੀ ਜੀ ਟੀ ਇਸਟੇਟ ਦਾ ਪ੍ਰਬੰਧ ਚਲਾਉਣ ਦੀ ਚੋਣ ਕਰ ਸਕਦਾ ਹੈ ਜੇ ਅਸੀਂ ਇਸਟੇਟ ਬਾਰੇ ਵਿਚਾਰ ਕਰਨ ਤੋਂ ਬਾਅਦ ਇਹ ਫੈਸਲਾ ਕਰਦੇ ਹਾਂ ਕਿ ਸਾਡੀਆਂ ਸੇਵਾਵਾਂ ਦੀ ਲੋੜ ਹੈ।

ਪੀ ਜੀ ਟੀ ਇਸਟੇਟਾਂ ਦਾ ਪ੍ਰਬੰਧ ਨਹੀਂ ਚਲਾਉਂਦਾ ਜੇ ਇਸਟੇਟ ਦੀ ਸੰਪਤੀ ਦੀ ਅੰਦਾਜ਼ਨ ਕੁੱਲ ਕੀਮਤ ਇੰਨੀ ਕੁ ਨਾ ਹੋਵੇ ਕਿ ਸੰਸਕਾਰ ਦੇ ਖਰਚੇ ਅਤੇ ਪੀ ਜੀ ਟੀ ਦੀਆਂ ਫੀਸਾਂ ਦਿੱਤੀਆਂ ਜਾ ਸਕਦੀਆਂ ਹੋਣ।

### *ਮੈਂ ਇਹ ਕਿਵੇਂ ਪਤਾ ਲਾਉਣਾ ਹੈ ਕਿ ਇਸਟੇਟ ਦਾ ਪ੍ਰਬੰਧ ਕੌਣ ਚਲਾ ਰਿਹਾ ਹੈ?*

ਜੇ ਬੀ ਸੀ ਵਿਚ ਲੈਟਰਜ਼ ਪ੍ਰੋਬੇਟ ਜਾਂ ਪ੍ਰਬੰਧਕੀ ਦੀਆਂ ਚਿੱਠੀਆਂ ਲਈ ਅਪਲਾਈ ਕੀਤਾ ਗਿਆ ਹੈ ਜਾਂ ਇਹ ਚਿੱਠੀਆਂ ਦੇ ਦਿੱਤੀਆਂ ਗਈਆਂ ਹਨ ਤਾਂ ਤੁਸੀਂ ਇਸਟੇਟ ਬਾਰੇ ਹੋਰ ਜਾਣਕਾਰੀ ਹਾਸਲ ਕਰਨ ਲਈ **ਕੋਰਟ ਸਰਵਿਸਿਜ਼ ਔਨਲਾਈਨ** ਰਾਹੀਂ ਸਰਚ ਕਰ ਸਕਦੇ ਹੋ। ਇਗਜ਼ੈਕਿਊਟਰ ਜਾਂ ਐਡਮਿਨਸਟਰੇਟਰ ਦੀ ਪਛਾਣ ਦੱਸਣ ਵਾਲੇ ਦਸਤਾਵੇਜ਼ ਲੈਣ ਲਈ ਫੀਸ ਦੇਣੀ ਪੈ ਸਕਦੀ ਹੈ। ਇਹ ਗੱਲ ਮਨ ਵਿਚ ਰੱਖੋ ਕਿ ਅਜਿਹੀ ਅਰਜ਼ੀ ਕੀਤੇ ਜਾਣ ਤੋਂ ਪਹਿਲਾਂ ਮੌਤ ਤੋਂ ਬਾਅਦ ਕੁਝ ਸਮਾਂ ਉਡੀਕ ਕਰਨੀ ਪੈ ਸਕਦੀ ਹੈ (ਅਕਸਰ ਇਕ ਸਾਲ ਜਾਂ ਜ਼ਿਆਦਾ) ਅਤੇ ਬੀ ਸੀ ਵਿਚ ਬਹੁਤੀਆਂ ਇਸਟੇਟਾਂ ਦਾ ਪ੍ਰਬੰਧ ਗੈਰਰਸਮੀ ਤੌਰ 'ਤੇ ਪਰਿਵਾਰ ਦੇ ਮੈਂਬਰਾਂ ਵਲੋਂ ਚਲਾਇਆ ਜਾਂਦਾ ਹੈ ਜਿਸ ਦਾ ਮਤਲਬ ਹੈ ਕਿ ਕੋਈ ਅਦਾਲਤੀ ਜਾਂ ਹੋਰ ਰਿਕਾਰਡ ਮੌਜੂਦ ਨਹੀਂ ਹੁੰਦੇ ਜਿਹੜੇ ਇਹ ਦੱਸਦੇ ਹੋਣ ਕਿ ਇਹ ਰੋਲ ਅਸਲ ਵਿਚ ਕੌਣ ਨਿਭਾ ਰਿਹਾ ਹੈ।

ਜੇ ਲੈਟਰਜ਼ ਪ੍ਰੋਬੇਟ ਜਾਂ ਪ੍ਰਬੰਧਕੀ ਦੀਆਂ ਚਿੱਠੀਆਂ ਲਈ ਕੋਈ ਅਰਜ਼ੀ ਨਾ ਦਿੱਤੀ ਗਈ ਹੋਵੇ ਤਾਂ ਇਹ ਪਤਾ ਲਾਉਣਾ ਹੋਰ ਵੀ ਚੁਣੌਤੀਆਂ ਵਾਲਾ ਹੋ ਸਕਦਾ ਹੈ ਕਿ ਇਸਟੇਟ ਲਈ ਕੌਣ ਜ਼ਿੰਮੇਵਾਰ ਹੈ। ਜੇ ਵਿਅਕਤੀ ਦੀ ਮੌਤ ਬੀ ਸੀ ਵਿਚ ਹੋਈ ਹੋਵੇ ਅਤੇ ਤੁਹਾਨੂੰ ਪਤਾ ਹੋਵੇ ਕਿ ਵਿਅਕਤੀ ਦੀ ਮੌਤ ਕਿੱਥੇ ਅਤੇ ਕਦੋਂ ਹੋਈ ਹੈ ਤਾਂ ਤੁਸੀਂ ਇਹ ਜਾਣਕਾਰੀ ਅਖਬਾਰ ਵਿਚ ਮੌਤ ਦੀ ਖਬਰ ਦੇ ਵੇਰਵੇ, ਸੰਸਕਾਰ ਦੀਆਂ ਸੇਵਾਵਾਂ ਦੇਣ ਵਾਲਿਆਂ, ਬੈਂਕ, ਪਰਿਵਾਰ, ਸਾਥੀਆਂ ਜਾਂ ਗੁਆਂਢੀਆਂ ਰਾਹੀਂ ਲੱਭਣ ਦੇ ਯੋਗ ਹੋ ਸਕਦੇ ਹੋ।

### *ਕਿਸੇ ਇਸਟੇਟ ਦਾ ਪ੍ਰਬੰਧ ਚਲਾਉਣ ਦੇ ਮੰਤਵਾਂ ਲਈ ਸਪਾਊਸ ਕਿਸ ਨੂੰ ਸਮਝਿਆ ਜਾਂਦਾ ਹੈ?*

ਇਹ ***ਵਿਲਜ਼, ਇਸਟੇਟਸ ਅਤੇ ਸਕਸੈਸ਼ਨ ਐਕਟ*** ਵਿਚ ਦੱਸਿਆ ਗਿਆ ਹੈ। ਦੋ ਵਿਅਕਤੀ ਸਪਾਊਸਿਜ਼ ਹਨ ਜੇ ਉਹ ਇਕ ਦੂਜੇ ਨਾਲ ਵਿਆਹੇ ਹੋਏ ਹਨ ਜਾਂ ਜੇ ਉਹ ਘੱਟੋ ਘੱਟ ਦੋ ਸਾਲਾਂ ਲਈ ਵਿਆਹ ਵਰਗੇ ਸੰਬੰਧਾਂ ਵਿਚ ਇਕ ਦੂਜੇ ਨਾਲ ਰਹੇ ਹਨ। ਕਿਸੇ ਵਿਅਕਤੀ ਦਾ ਸਪਾਊਸ ਹੋਣਾ ਖਤਮ ਹੋ ਜਾਂਦਾ ਹੈ ਜੇ ਉਹ ਪੱਕੀ ਤਰ੍ਹਾਂ ਅਲੱਗ ਹੋ ਗਏ ਹੋਣ ਜਾਂ ਜੇ ਦੋਨਾਂ ਵਿੱਚੋਂ ਕੋਈ ***ਇਕ ਕੌਮਨ ਲਾਅ ਰਿਸ਼ਤੇ ਨੂੰ ਖਤਮ ਕਰ ਦਿੰਦਾ ਹੈ।***

### *ਕੀ ਇਹ ਸੰਭਵ ਹੈ ਕਿ ਇਕ ਨਾਲੋਂ ਜ਼ਿਆਦਾ ਵਿਅਕਤੀ ਸਪਾਊਸ ਦੀ ਪਰਿਭਾਸ਼ਾ ਵਿਚ ਆ ਸਕਦਾ ਹੈ?*

ਇਹ ਸੰਭਵ ਹੈ ਕਿ ਇਕ ਨਾਲੋਂ ਜ਼ਿਆਦਾ ਵਿਅਕਤੀ ***ਵਿਲਜ਼, ਇਸਟੇਟਸ ਅਤੇ ਸਕਸੈਸ਼ਨ ਐਕਟ*** ਅਧੀਨ ਸਪਾਊਸ ਦੀ ਪਰਿਭਾਸ਼ਾ ਵਿਚ ਆ ਸਕਦਾ ਹੈ। ਜੇ ਇਹ ਫਿਕਰ ਇਹ ਮਤਭੇਦ ਪੈਦਾ ਕਰਦਾ ਹੈ ਕਿ ਸੰਸਕਾਰ ਦੇ ਪ੍ਰਬੰਧ ਕਰਨ ਦਾ, ਜਾਂ ਇਸਟੇਟ ਦਾ ਪ੍ਰਬੰਧ ਚਲਾਉਣ ਜਾਂ ਇਸ ਦੀ ਵਿਰਾਸਤ ਲੈਣ ਦਾ ਕਿਸ ਨੂੰ ਹੱਕ ਹੈ ਤਾਂ ਕਾਨੂੰਨੀ ਸਲਾਹ ਲੈਣ ਦੀ ਲੋੜ ਪੈਣ ਦੀ ਸੰਭਾਵਨਾ ਹੋਵੇਗੀ।

## ਕੁਝ ਵਸੀਅਤਾਂ ਬਾਰੇ

### *ਵਸੀਅਤ ਕੌਣ ਬਣਾ ਸਕਦਾ ਹੈ?*

***ਵਿਲਜ਼, ਇਸਟੇਟਸ ਅਤੇ ਸਕਸੈਸ਼ਨ ਐਕਟ*** ਕਹਿੰਦਾ ਹੈ ਕਿ 16 ਸਾਲ ਜਾਂ ਜ਼ਿਆਦਾ ਉਮਰ ਦਾ ਕੋਈ ਵੀ ਵਿਅਕਤੀ ਜੋ ਕਿ ਵਸੀਅਤ ਬਣਾਉਣ ਦੀ ਹੈਸੀਅਤ ਰੱਖਦਾ ਹੋਵੇ ਵਸੀਅਤ ਬਣਾ ਸਕਦਾ ਹੈ।

### *ਮੇਰਾ ਨਾਂ ਕਿਸੇ ਵਸੀਅਤ ਵਿਚ ਇਗਜ਼ੈਕਿਊਟਰ (ਪ੍ਰਬੰਧਕ) ਵਜੋਂ ਦਿੱਤਾ ਗਿਆ ਹੈ ਪਰ ਮੈਂ ਇਹ ਜ਼ਿੰਮੇਵਾਰੀ ਨਹੀਂ ਲੈਣਾ ਚਾਹੁੰਦਾ। ਕੀ ਮੇਰੇ ਲਈ ਇਹ ਕਰਨਾ ਜ਼ਰੂਰੀ ਹੈ?*

ਜੇ ਤੁਸੀਂ ਕਿਸੇ ਇਸਟੇਟ ਦੀ ਪ੍ਰਬੰਧਕੀ ਸ਼ੁਰੂ ਨਹੀਂ ਕੀਤੀ ਤਾਂ ਤਾਂ ਤੁਸੀਂ ਇਹ ਹੱਕ 'ਛੱਡ' ਸਕਦੇ ਹੋ ਅਤੇ ਲਾਭ ਪਾਤਰਾਂ ਨੂੰ ਇਹ ਫੈਸਲਾ ਕਰਨ ਦੇ ਸਕਦੇ ਹੋ ਕਿ ਕਿਸ ਨੂੰ 'ਲੈਟਰਜ਼ ਔਫ ਐਡਮਿਨਸਟਰੇਸ਼ਨ ਵਿਦ ਵਿਲ ਅਨੈਕਸਡ' ਲਈ ਅਪਲਾਈ ਕਰਨਾ ਚਾਹੀਦਾ ਹੈ। ***ਵਿਲਜ਼, ਇਸਟੇਟਸ ਅਤੇ ਸਕਸੈਸ਼ਨ ਐਕਟ*** ਅਰਜ਼ੀਕਰਤਾਵਾਂ ਦੀ ਤਰਜੀਹ ਬਾਰੇ ਦੱਸਦਾ ਹੈ।

ਜੇ ਤੁਸੀਂ ਇਸਟੇਟ ਦਾ ਪ੍ਰਬੰਧ ਚਲਾਉਣ ਲਈ ਪੀ ਜੀ ਟੀ ਨੂੰ ਕਹਿਣ ਬਾਰੇ ਵਿਚਾਰ ਕਰ ਰਹੇ ਹੋ ਤਾਂ ਇਹ ਪਤਾ ਲਾਉਣ ਲਈ ਕਿ ਕੀ ਪੀ ਜੀ ਟੀ ਕਾਰਜ ਕਰਨ ਲਈ ਸਹਿਮਤ ਹੋਵੇਗਾ ਜਾਂ ਨਹੀਂ ਕਿਰਪਾ ਕਰਕੇ ਇਸਟੇਟ ਐਂਡ ਪਰਸਨਲ ਟਰੱਸਟ ਸਰਵਿਸਿਜ਼ ਨਾਲ ਸੰਪਰਕ ਕਰੋ। ਪੀ ਜੀ ਟੀ ਇਸਟੇਟ ਐਂਡ ਪਰਸਨਲ ਟਰੱਸਟ ਸਰਵਿਸਿਜ਼ ਕੋਲ ਕਿਸੇ ਇਸਟੇਟ ਨੂੰ ਰੈਫਰ ਕਰਨਾ ਚਾਹੁਣ ਵਾਲੇ ਪ੍ਰਬੰਧਕਾਂ ਨੂੰ ਰੈਫਰਲ ਦਰਜ ਕਰਵਾਉਣ ਤੋਂ ਪਹਿਲਾਂ ਸਾਡੇ ਦਫਤਰ ਨਾਲ ਸੰਪਰਕ ਕਰਨ ਅਤੇ ਇਸਟੇਟ ਐਂਡ ਪਰਸਨਲ ਟਰੱਸਟ ਸਰਵਿਸਿਜ਼ ਡਿਊਟੀ ਅਫਸਰ ਨਾਲ ਗੱਲ ਕਰਨ ਲਈ ਉਤਸ਼ਾਹ ਦਿੱਤਾ ਜਾਂਦਾ ਹੈ। ਤੁਸੀਂ **estates@trustee.bc.ca** 'ਤੇ ਈਮੇਲ ਭੇਜ ਕੇ ਵੀ ਇਸਟੇਟ ਐਂਡ ਪਰਸਨਲ ਟਰੱਸਟ ਸਰਵਿਸਿਜ਼ ਨਾਲ ਸੰਪਰਕ ਕਰ ਸਕਦੇ ਹੋ।

ਜੇ ਤੁਸੀਂ ਪਹਿਲਾਂ ਹੀ ਪ੍ਰਬੰਧ ਚਲਾਉਣਾ ਸ਼ੁਰੂ ਕਰ ਦਿੱਤਾ ਹੈ ਤਾਂ ਅਦਾਲਤ ਤੁਹਾਡੇ ਤੋਂ ਜਾਰੀ ਰੱਖਣ ਦੀ ਮੰਗ ਕਰ ਸਕਦੀ ਹੈ। ਅਜਿਹੀ ਹਾਲਤ ਵਿਚ ਤੁਸੀਂ ਕਾਨੂੰਨੀ ਸਲਾਹ ਲੈਣਾ ਚਾਹੁੰਦੇ ਹੋ ਸਕਦੇ ਹੋ।

### *ਮੈਨੂੰ ਯਕੀਨ ਹੈ ਕਿ ਵਸੀਅਤ ਬਣੀ ਹੋਈ ਹੈ ਪਰ ਮੈਨੂੰ ਪਤਾ ਨਹੀਂ ਕਿ ਇਹ ਕਿੱਥੇ ਹੈ। ਮੈਨੂੰ ਕੀ ਕਰਨਾ ਚਾਹੀਦਾ ਹੈ?*

- ਇਹ ਚੈੱਕ ਕਰੋ ਕਿ ਕੀ ਵਸੀਅਤ **ਬੀ ਸੀ ਵਾਇਟਲ ਸਟੈਟਿਸਟਿਕਸ** ਨਾਲ ਰਜਿਸਟਰ ਹੈ।
- ਵਸੀਅਤ ਲਈ ਮ੍ਰਿਤਕ ਦੇ ਘਰ ਵਿਚ ਭਾਲ ਕਰੋ। ਇਸ ਦੇ ਨਾਲ ਹੀ ਕਿਸੇ ਵਕੀਲ, ਯਾਦਗਾਰੀ ਸੁਸਾਇਟੀ ਜਾਂ ਬੈਂਕ ਸੇਫਟੀ ਡਿਪਾਜ਼ਿਟ ਬੌਕਸ ਨੂੰ ਰੈਫਰੈਂਸ ਲਈ ਪੇਪਰ ਅਤੇ ਬਿਜ਼ਨਸ ਕਾਰਡ ਵੀ ਲੱਭੋ।
- ਸਾਂਭ ਕੇ ਜਾਂ ਸੇਫਟੀ ਡਿਪਾਜ਼ਿਟ ਬੌਕਸ ਵਿਚ ਰੱਖੇ ਪੇਪਰਾਂ ਬਾਰੇ ਜਾਣਕਾਰੀ ਲਈ ਮ੍ਰਿਤਕ ਦੀ ਬੈਂਕ, ਵਕੀਲ, ਇਗਜ਼ੈਕਿਊਟਰ (ਪ੍ਰਬੰਧਕ), ਵਿੱਤੀ ਸਲਾਹਕਾਰ, ਪਰਿਵਾਰ ਦੇ ਮੈਂਬਰਾਂ ਅਤੇ ਨੇੜਲੇ ਦੋਸਤਾਂ ਤੋਂ ਪੁੱਛੋ।
- ਜੇ ਮ੍ਰਿਤਕ ਵਿਅਕਤੀ ਸਾਬਕਾ ਫੌਜੀ ਸੀ ਤਾਂ ਮਿਲਟਰੀ ਦੀ ਵਸੀਅਤ ਵੀ ਹੋ ਸਕਦੀ ਹੈ। ਵੈਟਰਨਜ਼ ਅਫੇਅਰਜ਼ ਕੈਨੇਡਾ ਜਾਂ ਲਾਇਬਰੇਰੀ ਐਂਡ ਆਰਕਾਈਵਜ਼ ਕੈਨੇਡਾ ਤੋਂ ਚੈੱਕ ਕਰੋ।

### *ਮ੍ਰਿਤਕ ਨੇ ਵਸੀਅਤ ਲਿਖੀ ਸੀ, ਪਰ ਇਹ ਰਜਿਸਟਰ ਨਹੀਂ ਕਰਵਾਈ। ਕੀ ਵਸੀਅਤ ਦੇ ਯੋਗ ਹੋਣ ਲਈ ਇਸ ਦਾ ਰਜਿਸਟਰ ਹੋਣਾ ਜ਼ਰੂਰੀ ਹੈ?*

ਨਹੀਂ। ਭਾਵੇਂ ਕਿ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਲੋਕ ਵਸੀਅਤਾਂ ਨੂੰ ਰਜਿਸਟਰ ਕਰਵਾਉਣ ਪਰ ਇਨ੍ਹਾਂ ਦੇ ਸਹੀ ਹੋਣ ਲਈ ਇਸ ਦੀ ਮੰਗ ਨਹੀਂ ਕੀਤੀ ਜਾਂਦੀ।

### *ਮੈਨੂੰ ਯਕੀਨ ਹੈ ਕਿ ਮੈਂ ਲਾਭ ਪਾਤਰ (ਬੈਨੇਫਿਸ਼ਰੀ) ਹਾਂ। ਮੈਨੂੰ ਇਹ ਕਿਵੇਂ ਪਤਾ ਲੱਗ ਸਕਦਾ ਹੈ ਕਿ ਵਸੀਅਤ ਵਿਚ ਕੀ ਹੈ?*

ਬੀ ਸੀ ਵਿਚ ਕੋਈ ਰਸਮੀ 'ਰੀਡਿੰਗ ਔਫ ਦਾ ਵਿੱਲ' (ਵਸੀਅਤ ਦੀ ਪੜ੍ਹਤ) ਨਹੀਂ ਹੈ। ਇਗਜ਼ੈਕਿਊਟਰ ਜਾਂ ਐਡਮਿਨਸਟਰੇਟਰ ਤੋਂ ਇਹ ਮੰਗ ਕੀਤੀ ਜਾਂਦੀ ਹੈ ਕਿ ਪ੍ਰੋਬੇਟ ਲਈ ਅਪਲਾਈ ਕਰਨ ਦੇ ਆਪਣੇ ਇਰਾਦੇ ਦਾ ਨੋਟਿਸ ਦੇਵੇ ਅਤੇ ਵਸੀਅਤ ਦੀ ਕਾਪੀ ਨਾਲ ਲਾਵੇ। ਇਹ ਨੋਟਿਸ ਸਾਰੇ ਇਗਜ਼ੈਕਿਊਟਰਜ਼, ਬਦਲਵੇਂ ਇਗਜ਼ੈਕਿਊਟਰਜ਼, ਵਸੀਅਤ ਵਿਚਲੇ ਲਾਭ ਪਾਤਰਾਂ ਨੂੰ ਦਿੱਤਾ ਜਾਣਾ ਜ਼ਰੂਰੀ ਹੈ ਅਤੇ ਉਨ੍ਹਾਂ ਨੂੰ ਵੀ ਦਿੱਤਾ ਜਾਣਾ ਜ਼ਰੂਰੀ ਹੈ ਜਿਨ੍ਹਾਂ ਨੂੰ ਵਿਰਾਸਤ ਮਿਲਣੀ ਸੀ ਜੇ ਮ੍ਰਿਤਕ ਦੀ ਮੌਤ ਵਸੀਅਤ ਬਣਾਏ ਬਿਨਾਂ ਹੋਈ ਹੁੰਦੀ।

ਪ੍ਰੋਬੇਟ ਤੋਂ ਬਾਅਦ, ਵਸੀਅਤ ਅਤੇ ਹੋਰ ਪੇਪਰ ਜਨਤਕ ਬਣ ਜਾਂਦੇ ਹਨ ਅਤੇ ਇਸ ਦੀਆਂ ਕਾਪੀਆਂ ਅਦਾਲਤ ਤੋਂ ਲਈਆਂ ਜਾ ਸਕਦੀਆਂ ਹਨ।

ਜੇ ਤੁਸੀਂ ਇਹ ਜਾਣਨਾ ਚਾਹੁੰਦੇ ਹੋਵੋ ਕਿ ਕਿਸੇ ਖਾਸ ਇਸਟੇਟ ਲਈ ਅਦਾਲਤ ਵਲੋਂ ਅਧਿਕਾਰ ਦਿੱਤਾ ਗਿਆ ਹੈ ਜਾਂ ਨਹੀਂ ਤਾਂ ਤੁਸੀਂ **ਕੋਰਟ ਸਰਵਿਸਿਜ਼ ਔਨਲਾਈਨ** ਰਾਹੀਂ ਸਰਚ ਕਰ ਸਕਦੇ ਹੋ।

### *ਮੈਂ ਇਗਜ਼ੈਕਿਊਟਰ (ਪ੍ਰਬੰਧਕ) ਤੋਂ ਕੰਮ ਕਿਵੇਂ ਕਰਵਾ ਸਕਦਾ ਹਾਂ?*

ਜੇ ਤੁਸੀਂ ਕਿਸੇ ਵਸੀਅਤ ਦੇ ਲਾਭ ਪਾਤਰ ਹੋ ਪਰ ਤੁਹਾਨੂੰ ਇਸ ਚੀਜ਼ ਦਾ ਲਿਖਤੀ ਨੋਟਿਸ ਨਹੀਂ ਮਿਲਿਆ ਕਿ ਇਗਜ਼ੈਕਿਊਟਰ ਵਸੀਅਤ ਦੇ ਪ੍ਰੋਬੇਟ ਲਈ ਅਪਲਾਈ ਕਰ ਰਿਹਾ ਹੈ ਤਾਂ ਤੁਸੀਂ ਸੁਪਰੀਮ ਕੋਰਟ ਦੇ 25-11 ਨਿਯਮਾਂ ਮੁਤਾਬਕ ਕਾਰਵਾਈ ਕਰ ਸਕਦੇ ਹੋ ਜਿਹੜੀ ਇਗਜ਼ੈਕਿਊਟਰ ਤੋਂ ਇਹ ਮੰਗ ਕਰੇਗੀ ਕਿ ਉਹ ਅਦਾਲਤ ਨੂੰ 14 ਦਿਨਾਂ ਦੇ ਵਿਚ ਵਿਚ ਜਵਾਬ ਦੇਵੇ। ਇਸ ਕਾਰਵਾਈ ਨੂੰ ਇਗਜ਼ੈਕਿਊਟਰ ਨੂੰ 'ਸੱਦਣਾ' ਆਖਦੇ ਹਨ। ਆਪਣੀ ਮਦਦ ਲਈ ਤੁਹਾਨੂੰ ਕਨੂੰਨੀ ਸਲਾਹ ਲੈਣੀ ਚਾਹੀਦੀ ਹੈ। ਜੇ ਇਗਜ਼ੈਕਿਊਟਰ ਇਹ ਸੰਕੇਤ ਦਿੰਦਾ ਹੈ ਕਿ ਉਹ ਆਪਣੀ ਇਗਜ਼ੈਕਿਊਟਰ ਵਜੋਂ ਨਿਯੁਕਤੀ ਨੂੰ ਛੱਡ ਰਿਹਾ ਹੋਵੇਗਾ (ਕੰਮ ਨਹੀਂ ਕਰਨਾ) ਤਾਂ ਤੁਸੀਂ ਇਸਟੇਟ ਦੇ ਐਡਮਿਨਸਟਰੇਟਰ ਨਿਯੁਕਤ ਕੀਤੇ ਜਾਣ ਲਈ ਅਦਾਲਤ ਕੋਲ ਅਪਲਾਈ ਕਰ ਸਕਦੇ ਹੋ।

### *ਮੈਂ ਕੀ ਕਰ ਸਕਦਾ ਹਾਂ ਜੇ ਇਗਜ਼ੈਕਿਊਟਰ (ਪ੍ਰਬੰਧਕ) ਜਾਂ ਐਡਮਿਨਸਟਰੇਟਰ ਇਸਟੇਟ ਦਾ ਗਲਤ ਪ੍ਰਬੰਧ ਚਲਾ ਰਿਹਾ ਹੋਵੇ?*

**ਜੇ ਤੁਸੀਂ** ਕਿਸੇ ਇਸਟੇਟ ਦੇ ਬੇਵਸੀਅਤੇ ਵਾਰਸ ਜਾਂ ਲਾਭ ਪਾਤਰ ਹੋ ਤਾਂ ਤੁਹਾਨੂੰ ਇਗਜ਼ੈਕਿਊਟਰ ਜਾਂ ਐਡਮਿਨਸਟਰੇਟਰ ਨੂੰ ਲਿਖਣਾ ਚਾਹੀਦਾ ਹੈ ਅਤੇ ਇਸਟੇਟ ਵਿਚ ਉਸ ਦੀ ਸ਼ਮੂਲੀਅਤ ਦਾ ਪੂਰਾ ਵੇਰਵਾ ਮੰਗਣਾ ਚਾਹੀਦਾ ਹੈ। ਇਗਜ਼ੈਕਿਊਟਰ ਜਾਂ ਐਡਮਿਨਸਟਰੇਟਰ ਨੂੰ ਦੋ ਸਾਲਾਂ ਦੇ ਵਿਚ ਵਿਚ ਆਪਣੇ ਅਕਾਊਂਟ ਪਾਸ ਕਰਵਾਉਣੇ ਪੈਂਦੇ ਹਨ, ਜਾਂ ਆਪਣੀ ਨਿਯੁਕਤੀ ਦੀ ਤਰੀਕ ਤੋਂ ਬਾਅਦ ਇਕ ਸਾਲ ਵਿਚ ਪਾਸ ਕਰਵਾਉਣੇ ਪੈਂਦੇ ਹਨ ਜੇ ਕੋਈ ਬੇਵਸੀਅਤਾ ਵਾਰਸ ਜਾਂ ਲਾਭ ਪਾਤਰ ਅਜਿਹਾ ਕਰਨ ਲਈ ਇਗਜ਼ੈਕਿਊਟਰ ਜਾਂ ਐਡਮਿਨਸਟਰੇਟਰ ਨੂੰ ਨੋਟਿਸ ਦਿੰਦਾ ਹੈ। ਇਸਟੇਟ ਵਿਚ ਮਾਇਕ ਹਿੱਤ ਰੱਖਦਾ ਕੋਈ ਵੀ ਵਿਅਕਤੀ ਅਦਾਲਤ ਦੀ ਸੁਣਵਾਈ ਦੌਰਾਨ ਹਾਜ਼ਰ ਹੋਣ ਅਤੇ ਕੋਈ ਫਿਕਰ ਜ਼ਾਹਰ ਕਰਨ ਦਾ ਹੱਕਦਾਰ ਹੈ।

ਜੇ ਇਗਜ਼ੈਕਿਊਟਰ ਜਾਂ ਐਡਮਿਨਸਟਰੇਟਰ ਹਿਸਾਬ ਕਿਤਾਬ ਦੇਣ ਤੋਂ ਜਾਂ ਆਪਣੇ ਅਕਾਊਂਟਸ ਪਾਸ ਕਰਵਾਉਣ ਤੋਂ ਨਾਂਹ ਕਰਦਾ ਹੈ ਤਾਂ ਤੁਸੀਂ ਇਹ ਆਰਡਰ ਲੈਣ ਲਈ ਅਦਾਲਤ ਕੋਲ ਅਪਲਾਈ ਕਰ ਸਕਦੇ ਹੋ ਕਿ ਇਗਜ਼ੈਕਿਊਟਰ ਜਾਂ ਐਡਮਿਨਸਟਰੇਟਰ ਅਜਿਹਾ ਕਰੇ। ਇਸ ਵਿਚ ਮਦਦ ਲਈ ਤੁਹਾਨੂੰ ਕਿਸੇ ਵਕੀਲ ਦੀ ਲੋੜ ਪਵੇਗੀ।

**ਜੇ ਤੁਸੀਂ** ਕਿਸੇ ਇਸਟੇਟ ਦੇ ਬੇਵਸੀਅਤੇ ਵਾਰਸ ਜਾਂ ਲਾਭ ਪਾਤਰ **ਨਹੀਂ ਹੋ** ਪਰ ਤੁਸੀਂ ਜਾਣਦੇ ਹੋ ਕਿ ਕੋਈ ਨਾਬਾਲਗ ਜਾਂ ਅਸਮਰਥ ਬਾਲਗ ਬੇਵਸੀਅਤਾ ਵਾਰਸ ਜਾਂ ਲਾਭ ਪਾਤਰ ਹੈ ਅਤੇ ਜੋ ਕੁਝ ਇਸਟੇਟ ਦਾ ਹੋ ਰਿਹਾ ਹੈ ਉਸ ਬਾਰੇ ਤੁਹਾਡੇ ਫਿਕਰ ਹਨ ਤਾਂ **ਪੀ ਜੀ ਟੀ ਗਰਾਂਟ ਐਪਲੀਕੇਸ਼ਨ ਰਿਵੀਊ ਸਰਵਿਸਿਜ਼** ਨਾਲ ਸੰਪਰਕ ਕਰੋ।

## ਸੰਸਕਾਰ ਦਾ ਪ੍ਰਬੰਧ ਕਰਨਾ ਅਤੇ ਇਸ ਦਾ ਖਰਚਾ ਦੇਣਾ

### *ਸੰਸਕਾਰ ਦੇ ਪ੍ਰਬੰਧ ਕਰਨ ਦਾ ਹੱਕ ਕਿਸ ਨੂੰ ਹੈ?*

*ਕ੍ਰੀਮੇਸ਼ਨ, ਇਨਟਰਮੈਂਟ ਅਤੇ ਫਿਊਨਰਲ ਸਰਵਿਸਿਜ਼ ਐਕਟ* ਦਾ ਸੈਕਸ਼ਨ 5(1) ਉਨ੍ਹਾਂ ਲੋਕਾਂ ਦੀ ਤਰਜੀਹ ਮਿੱਥਦਾ ਹੈ ਜਿਨ੍ਹਾਂ ਨੂੰ ਸੰਸਕਾਰ ਦੇ ਪ੍ਰਬੰਧ ਕਰਨ ਦਾ ਹੱਕ ਹੈ। ਵਸੀਅਤ ਵਿਚ ਦੱਸੇ ਗਏ ਨਿੱਜੀ ਨੁਮਾਇੰਦੇ ਨੂੰ ਪਹਿਲ ਹੈ, ਉਸ ਤੋਂ ਬਾਅਦ ਮ੍ਰਿਤਕ ਵਿਅਕਤੀ ਦਾ ਸਪਾਊਸ (ਪਤਨੀ/ਪਤੀ) ਆਉਂਦਾ ਹੈ। ਅਗਾਂਹ ਬਾਲਗ ਬੱਚੇ, ਬਾਲਗ ਗਰੈਂਡਚਿਲਡਰਨ, ਮਾਪੇ, ਬਾਲਗ ਭੈਣ-ਭਰਾ, ਬਾਲਗ ਭਤੀਜੀਆਂ ਅਤੇ ਭਤੀਜੇ ਆਉਂਦੇ ਹਨ, ਫਿਰ ਹੋਰ ਨੇੜੇ ਦੇ ਰਿਸ਼ਤੇਦਾਰ ਆਉਂਦੇ ਹਨ। ਇੱਕੋ ਪੱਧਰ ਦੇ ਰਿਸ਼ੇਤਦਾਰਾਂ ਵਿਚ ਪਹਿਲ ਉਮਰ ਮੁਤਾਬਕ ਵੱਡੇ ਤੋਂ ਛੋਟੇ ਵੱਲ ਨੂੰ ਆਉਂਦੀ ਹੈ।

### *ਮੈਂ ਸੰਸਕਾਰ ਦਾ ਖਰਚਾ ਨਹੀਂ ਦੇ ਸਕਦਾ। ਕਿਹੜੀ ਮਾਇਕ ਮਦਦ ਉਪਲਬਧ ਹੈ?*

ਸੰਸਕਾਰ ਅਤੇ ਇਸ ਨਾਲ ਸੰਬੰਧਿਤ ਸੇਵਾਵਾਂ ਦਾ ਖਰਚਾ ਵੱਖ ਵੱਖ ਹੈ। ਸੰਸਕਾਰ ਅਤੇ ਇਸ ਨਾਲ ਸੰਬੰਧਿਤ ਸੇਵਾਵਾਂ ਦੇ ਖਰਚਿਆਂ ਦਾ ਪ੍ਰਬੰਧ ਕਰਨ ਵੇਲੇ ਸੁਚੇਤ ਰਹੋ ਕਿਉਂਕਿ ਜੇ ਤੁਸੀਂ ਐਗਰੀਮੈਂਟ 'ਤੇ ਦਸਖਤ ਕਰਦੇ ਹੋ ਤਾਂ ਪੈਸੇ ਦੇਣ ਲਈ ਤੁਸੀਂ ਜ਼ਿੰਮੇਵਾਰ ਹੋ। ਫਿਊਨਰਲ ਡਾਇਰੈਕਟਰ ਬੱਜਟ ਅਤੇ ਹਾਲਤਾਂ ਮੁਤਾਬਕ ਫੈਸਲੇ ਕਰਨ ਵਿਚ ਤੁਹਾਡੀ ਮਦਦ ਕਰ ਸਕਦੇ ਹਨ। ਕੀਮਤਾਂ ਵੱਖ ਵੱਖ ਹੋ ਸਕਦੀਆਂ ਹਨ ਇਸ ਕਰਕੇ ਤੁਸੀਂ ਖਰਚਾ ਇਕ ਨਾਲੋਂ ਜ਼ਿਆਦਾ ਥਾਂ ਤੋਂ ਚੈੱਕ ਕਰਨਾ ਚਾਹੁੰਦੇ ਹੋ ਸਕਦੇ ਹੋ। ਜੇ ਤੁਸੀਂ ਇਗਜ਼ੈਕਿਊਟਰ ਜਾਂ ਇਸਟੇਟ ਦਾ ਪ੍ਰਬੰਧ ਚਲਾਉਣ ਵਾਲੇ ਨੇੜਲੇ ਸਾਕ-ਸੰਬੰਧੀ ਹੋ ਤਾਂ ਤੁਹਾਨੂੰ ਇਨ੍ਹਾਂ ਗੱਲਾਂ ਦੀ ਪੜਤਾਲ ਕਰਨੀ ਚਾਹੀਦੀ ਹੈ:

- ਮ੍ਰਿਤਕ ਵਿਅਕਤੀ ਦੇ ਬੈਂਕ ਅਕਾਊਂਟ ਦੀ। ਸੰਸਕਾਰ ਦੇ ਵਾਜਬ ਖਰਚੇ ਇਸਟੇਟ ਦਾ ਪਹਿਲਾ ਖਰਚਾ ਹਨ। ਜੇ ਮ੍ਰਿਤਕ ਕੋਲ ਢੁਕਵੇਂ ਫੰਡ ਹੋਣ ਤਾਂ ਬੈਂਕ ਅਕਸਰ ਫਿਊਨਰਲ ਹੋਮ ਨੂੰ ਮ੍ਰਿਤਕ ਦੇ ਅਕਾਊਂਟ ਵਿੱਚੋਂ ਸਿੱਧੇ ਪੈਸੇ ਦੇ ਦੇਵੇਗੀ। ਇਹ ਪੱਕਾ ਕਰਨ ਲਈ ਬੈਂਕ ਮੈਨੇਜਰ ਨਾਲ ਗੱਲ ਕਰੋ ਕਿ ਤੁਸੀਂ ਫਿਊਨਰਲ ਦਾ ਅਕਾਊਂਟ ਅਦਾਇਗੀ ਲਈ ਭੇਜੋਗੇ। ਬੈਂਕ ਮ੍ਰਿਤਕ ਦੇ ਅਕਾਊਂਟ ਵਿੱਚੋਂ ਚੈੱਕ ਕੱਢਣ ਅਤੇ ਫਿਊਨਰਲ ਹੋਮ ਨੂੰ ਭੇਜਣ ਲਈ ਸਹਿਮਤ ਹੋ ਸਕਦੀ ਹੈ।

- ਕੈਨੇਡਾ ਪੈਨਸ਼ਨ ਪਲੈਨ ਡੈੱਥ ਬੈਨੇਫਿਟ ਦੇ ਸਕਦੀ ਹੈ ਜੇ ਮ੍ਰਿਤਕ ਕੰਮ ਕਰਦਾ ਸੀ ਅਤੇ ਉਸ ਨੇ ਪਲੈਨ ਵਿਚ ਪੈਸੇ ਦਿੱਤੇ ਸਨ। ਹੋਰ ਜਾਣਕਾਰੀ **ਸਰਵਿਸ ਕੈਨੇਡਾ** ਤੋਂ ਮਿਲਦੀ ਹੈ। ਇਹ ਬੈਨੇਫਿਟ ਸ਼ਾਇਦ ਸੰਸਕਾਰ ਦਾ ਸਾਰਾ ਖਰਚਾ ਕਵਰ ਨਾ ਕਰਦਾ ਹੋਵੇ।
- **ਵਰਕ ਸੇਫ ਬੀ ਸੀ** ਦੇ ਡੈੱਥ ਬੈਨੇਫਿਟਸ ਵੀ ਉਪਲਬਧ ਹੋ ਸਕਦੇ ਹਨ ਜੇ ਮੌਤ ਕੰਮ ਵਾਲੀ ਥਾਂ 'ਤੇ ਹੋਏ ਐਕਸੀਡੈਂਟ ਕਾਰਨ ਹੋਈ ਹੈ।
- **ਕਰਾਇਮ ਵਿਕਟਿਮਜ਼ ਅਸਿਸਟੈਂਸ** ਵੀ ਮਿਲ ਸਕਦੀ ਹੈ ਜੇ ਮੌਤ ਕਿਸੇ ਜੁਰਮ ਦਾ ਸਿੱਟਾ ਹੋਵੇ।
- **ਆਈ ਸੀ ਬੀ ਸੀ** ਦੇ ਬੈਨੇਫਿਟਸ ਵੀ ਉਪਲਬਧ ਹੋ ਸਕਦੇ ਹਨ ਜੇ ਮੌਤ ਮੋਟਰ ਗੱਡੀ ਦੇ ਕਿਸੇ ਐਕਸੀਡੈਂਟ ਕਾਰਨ ਹੋਈ ਹੋਵੇ।
- ਮ੍ਰਿਤਕ ਦੇ ਕੰਮ-ਮਾਲਕ, ਲੇਬਰ ਯੂਨੀਅਨ, ਟਰੇਡ ਐਸੋਸੀਏਸ਼ਨ ਜਾਂ ਕਲੱਬ ਦੀ ਕੋਈ ਪੈਨਸ਼ਨ ਪਲੈਨ ਜਾਂ ਹੋਰ ਬੈਨੇਫਿਟ ਪਲੈਨ ਹੋ ਸਕਦੀ ਹੈ ਜਿਸ ਵਿਚ ਡੈੱਥ ਬੈਨੇਫਿਟਸ ਜਾਂ ਸੰਸਕਾਰ ਦੇ ਖਰਚੇ ਸ਼ਾਮਲ ਹੋ ਸਕਦੇ ਹਨ।
- ਜੇ ਵਲਡ ਵਾਰ II ਜਾਂ ਕੋਰੀਅਨ ਵਾਰ ਦੇ ਕਿਸੇ ਸਾਬਕਾ ਫੌਜੀ ਦੀ ਮੌਤ ਫੰਡਾਂ ਤੋਂ ਬਿਨਾਂ ਹੋ ਜਾਂਦੀ ਹੈ ਤਾਂ ਲਾਸਟ ਪੋਸਟ ਫੰਡ ਨੇੜੇ ਦੇ ਕਬਰਸਤਾਨ ਵਿਚ ਫਿਊਨਰਲ ਅਤੇ ਗਰੇਵ ਮਾਰਕਰ ਪ੍ਰਦਾਨ ਕਰ ਸਕਦਾ ਹੈ। ਜੇ ਸਾਬਕਾ ਫੌਜੀ ਰੌਇਲ ਕੈਨੇਡੀਅਨ ਲੀਜਨ ਦਾ ਮੈਂਬਰ ਹੋਵੇ ਤਾਂ ਸਾਥੀ ਮੈਂਬਰ ਬੇਨਤੀ ਕਰਨ 'ਤੇ ਸੰਸਕਾਰ ਵੇਲੇ ਔਨਰ ਗਾਰਡ ਭੇਜ ਸਕਦੇ ਹਨ।
- ਫਿਊਨਰਲ ਸਰਵਿਸਿਜ਼ ਪ੍ਰੋਗਰਾਮ ਆਦਰ ਵਾਲੀ ਫਿਊਨਰਲ ਸਰਵਿਸ ਅਤੇ ਦਫਨਾਉਣ ਜਾਂ ਦਾਹ ਸਸਕਾਰ ਦੀ ਸਰਵਿਸ ਪ੍ਰਦਾਨ ਕਰ ਸਕਦਾ ਹੈ ਜੇ ਮ੍ਰਿਤਕ ਕੋਲ ਪੈਸੇ ਨਹੀਂ ਸਨ ਅਤੇ ਪਰਿਵਾਰ ਜਾਂ ਕੋਈ ਹੋਰ ਸ੍ਰੋਤ ਤੋਂ ਵੀ ਪੈਸੇ ਉਪਲਬਧ ਨਹੀਂ ਹਨ। ਜੇ ਤੁਸੀਂ ਕਿਸੇ ਅਜਿਹੀ ਇਸਟੇਟ ਵਿਚ ਸ਼ਾਮਲ ਹੋਵੋ ਜਿਸ ਦਾ ਪ੍ਰਬੰਧ ਸੀਮਤ ਸੰਪਤੀ ਕਰਕੇ ਪੀ ਜੀ ਟੀ ਨਾ ਚਲਾ ਸਕਦਾ ਹੋਵੇ ਤਾਂ ਤੁਸੀਂ ਸਰਵਿਸ ਬੀ ਸੀ ਨਾਲ ਸੰਪਰਕ ਕਰ ਸਕਦੇ ਹੋ ਜੋ ਕਿ ਤੁਹਾਨੂੰ ਮਨਿਸਟਰੀ ਔਫ ਸੋਸ਼ਲ ਡਿਵੈਲਪਮੈਂਟ ਐਂਡ ਸੋਸ਼ਲ ਇਨੋਵੇਸ਼ਨ ਦੇ ਦਫਤਰ ਨਾਲ ਜੋੜੇਗੀ ਜਿੱਥੋਂ ਤੁਸੀਂ "ਫਿਊਨਰਲ ਸਰਵਿਸਿਜ਼ ਪ੍ਰੋਗਰਾਮ" ਬਾਰੇ ਪੁੱਛ ਸਕਦੇ ਹੋ।

## ਮ੍ਰਿਤਕ ਦੀ ਸੰਪਤੀ ਨਾਲ ਸਿੱਝਣਾ

### *ਹਰ ਇਕ ਚੀਜ਼ ਸਾਂਝੇ ਨਾਂਵਾਂ 'ਤੇ ਹੈ। ਕੀ ਇਸਟੇਟ ਨੂੰ ਪ੍ਰੋਬੇਟ ਕੀਤੇ ਜਾਣ ਦੀ ਲੋੜ ਹੈ ਜਾਂ ਪ੍ਰਬੰਧ ਕੀਤੇ ਜਾਣ ਦੀ ਲੋੜ ਹੈ?*

ਕਿਸੇ ਇਸਟੇਟ ਨੂੰ ਪ੍ਰੋਬੇਟ ਕਰਵਾਉਣ ਜਾਂ ਪ੍ਰਬੰਧ ਚਲਵਾਉਣ ਦੀ ਲੋੜ ਨਹੀਂ ਹੈ ਜੇ ਸਾਰੀ ਸੰਪਤੀ (ਜਿਵੇਂ ਕਿ ਬੈਂਕ ਅਕਾਊਂਟ ਜਾਂ ਅਚੱਲ ਪ੍ਰਾਪਰਟੀ) ਕਿਸੇ ਹੋਰ ਵਿਅਕਤੀ ਨਾਲ ਬਰਾਬਰ ਮਾਲਕੀ ਵਾਲੀ ਹੈ ਅਤੇ ਆਰ ਆਰ ਐੱਸ ਪੀਜ਼, ਪੈਨਸ਼ਨਾਂ ਅਤੇ ਇਨਸ਼ੋਰੈਂਸ ਪਾਲਸੀਆਂ ਵਿਚ ਲਾਭ ਪਾਤਰ ਦਾ ਨਾਂ ਲਿਖਿਆ ਹੋਇਆ ਹੈ। ਇਹ ਸੰਪਤੀ ਆਮ ਤੌਰ 'ਤੇ ਇਸਟੇਟ ਦਾ ਹਿੱਸਾ ਨਹੀਂ ਬਣਦੀ ਅਤੇ ਇਹ ਆਮ ਤੌਰ 'ਤੇ ਸਿੱਧੀ ਹੀ ਪਿੱਛੇ ਰਹਿ ਗਏ ਜਾਂ ਉਸ ਲਾਭ ਪਾਤਰ ਨੂੰ ਤਬਦੀਲ ਹੋ ਜਾਵੇਗੀ ਜਿਸ ਦਾ ਇਸ ਵਿਚ ਨਾਂ ਲਿਖਿਆ ਹੋਇਆ ਹੈ। ਇਨਸ਼ੋਰੈਂਸ ਬੈਨੇਫਿਟ ਕਲੇਮ ਕਰਨ ਲਈ ਜਾਂ ਟਾਈਟਲ ਨੂੰ ਪਿੱਛੇ ਰਹਿ ਗਏ ਸਾਂਝੇ ਮਾਲਕ (ਮਾਲਕਾਂ) ਦੇ ਨਾਂ ਤਬਦੀਲ ਕਰਨ ਲਈ ਲੋੜੀਂਦੇ ਪੇਪਰਾਂ ਬਾਰੇ ਕਿਸੇ ਵਕੀਲ ਜਾਂ ਬੈਂਕ, ਇਨਸ਼ੋਰੈਂਸ ਕੰਪਨੀ, ਅਤੇ ਲੈਂਡ ਟਾਈਟਲ ਆਫਿਸ ਤੋਂ ਚੈੱਕ ਕਰੋ।

### *ਮ੍ਰਿਤਕ ਦੀ ਸੰਪਤੀ ਸਿਰਫ ਬੈਂਕ ਦਾ ਇਕ ਛੋਟਾ ਜਿਹਾ ਅਕਾਊਂਟ ਹੈ ਅਤੇ 500 ਕੁ ਡਾਲਰ ਦੇ ਦੋ ਕੁ ਚੈੱਕ ਹਨ। ਮੈਂ ਕੀ ਕਰਾਂ?*

ਬਹੁਤੀਆਂ ਬੈਂਕਾਂ ਅਤੇ ਕਰੈਡਿਟ ਯੂਨੀਅਨਾਂ 10,000 ਡਾਲਰ ਤੋਂ ਘੱਟ ਦੀ ਇਸਟੇਟ ਦੇ ਫੰਡ ਫੌਰੀ ਤੌਰ 'ਤੇ ਇਗਜ਼ੈਕਿਊਟਰ ਜਾਂ ਨੇੜਲੇ ਸਾਕ-ਸੰਬੰਧੀ ਨੂੰ ਦੇ ਦੇਣਗੀਆਂ। ਬੈਂਕ ਚੈੱਕਾਂ ਮ੍ਰਿਤਕ ਦੇ ਅਕਾਊਂਟ ਵਿਚ ਜਮ੍ਹਾਂ ਕਰਾਉਣ ਅਤੇ ਇਹ ਫੰਡ ਇਨਡੈਮਨਿਟੀ ਐਗਰੀਮੈਂਟ (ਬੈਂਕ ਨੂੰ ਪੈਸੇ ਮੋੜਨ ਦਾ ਐਗਰੀਮੈਂਟ ਜੇ ਭਵਿੱਖ ਵਿਚ ਇਸਟੇਟ ਦੇ ਖਿਲਾਫ ਕੋਈ ਕਲੇਮ ਕੀਤਾ ਜਾਂਦਾ ਹੈ) ਨਾਲ ਦੇਣ ਲਈ ਸਹਿਮਤ ਹੋ ਸਕਦੀ ਹੈ। ਵਸੀਅਤ ਦਾ ਇਗਜ਼ੈਕਿਊਟਰ ਐਗਰੀਮੈਂਟ ਕਰ ਸਕਦਾ ਹੈ, ਜਾਂ ਜੇ ਕੋਈ ਵਸੀਅਤ ਨਾ ਹੋਵੇ ਤਾਂ ***ਵਿਲਜ਼, ਇਸਟੇਟਸ ਐਂਡ ਸਕਸੈਸ਼ਨ ਐਕਟ*** ਮੁਤਾਬਕ ਵਿਰਾਸਤ ਹਾਸਲ ਕਰਨ ਵਾਲੇ ਬੇਵਸੀਅਤੇ ਵਾਰਸ ਅਜਿਹਾ ਕਰ ਸਕਦੇ ਹਨ। ਬੈਂਕਾਂ ਆਮ ਤੌਰ 'ਤੇ ਸੰਸਕਾਰ ਦੇ ਖਰਚਿਆਂ ਲਈ ਅਦਾਇਗੀ ਇਨਡੈਮਨਿਟੀ ਐਗਰੀਮੈਂਟ ਦੀ ਮੰਗ ਤੋਂ ਬਿਨਾਂ ਹੀ ਕਰ ਦਿੰਦੀਆਂ ਹਨ। ਇਹ ਪਤਾ ਲਾਉਣ ਲਈ ਬੈਂਕ ਨਾਲ ਸੰਪਰਕ ਕਰੋ ਕਿ ਉਨ੍ਹਾਂ ਨੂੰ ਕਿਸ ਚੀਜ਼ ਦੀ ਲੋੜ ਹੈ।

### *ਮੈਨੂੰ ਮ੍ਰਿਤਕ ਦੀ ਕਾਰ ਵੇਚਣ ਦੀ ਲੋੜ ਹੈ – ਉਸ ਕੋਲ ਸਿਰਫ ਇਹ ਹੀ ਸੀ। ਮੈਂ ਇਹ ਕਿਵੇਂ ਕਰਾਂ?*

ਕੋਈ *ਆਟੋਪਲੈਨ* ਬਰੋਕਰ ਤਬਦੀਲੀ ਲਈ *ਮੋਟਰ ਵਹੀਕਲ ਐਕਟ* ਵਿਚਲੀਆਂ ਸ਼ਰਤਾਂ ਬਾਰੇ ਦੱਸ ਸਕਦਾ ਹੈ ਅਤੇ ਗੱਡੀ ਦੀ ਮਾਲਕੀ ਤੁਹਾਡੇ ਨਾਂ 'ਤੇ ਬਦਲਣ ਵਿਚ ਮਦਦ ਕਰ ਸਕਦਾ ਹੈ।

### *ਮ੍ਰਿਤਕ ਕੋਲ ਕੁਝ ਪਾਲਤੂ ਜਾਨਵਰ ਸਨ ਅਤੇ ਇਨ੍ਹਾਂ ਦੀ ਕੋਈ ਵੀ ਦੇਖਭਾਲ ਨਹੀਂ ਕਰ ਰਿਹਾ। ਕੀ ਕੀਤਾ ਜਾਣਾ ਚਾਹੀਦਾ ਹੈ?*

ਪਰਿਵਾਰ ਦੇ ਕਿਸੇ ਮੈਂਬਰ ਨਾਲ ਜਾਂ ਸਥਾਨਕ ਐੱਸ ਪੀ ਸੀ ਏ ਨਾਲ ਸੰਪਰਕ ਕਰੋ ਜਿਨ੍ਹਾਂ ਕੋਲ ਸੁਝਾਅ ਅਤੇ ਸੰਪਰਕ ਨੰਬਰ ਹੋ ਸਕਦੇ ਹਨ।

### *ਮੈਂ ਮ੍ਰਿਤਕ ਦੇ ਘਰ ਵਿੱਚੋਂ ਲੋਕਾਂ ਨੂੰ ਚੋਰੀਆਂ ਕਰਨ ਤੋਂ ਕਿਵੇਂ ਰੋਕ ਸਕਦਾ ਹਾਂ?*

ਇਸਟੇਟ ਦੇ ਇਗਜ਼ੈਕਿਊਟਰ ਜਾਂ ਐਡਮਿਨਸਟਰੇਟਰ ਵਜੋਂ ਤੁਸੀਂ ਇਸਟੇਟ ਦੀ ਸੰਪਤੀ ਦੀ ਰੱਖਿਆ ਕਰਨ ਲਈ ਜ਼ਿੰਮੇਵਾਰ ਹੋ। ਜੇ ਮ੍ਰਿਤਕ ਦੀ ਪ੍ਰਾਪਰਟੀ ਵਿੱਚੋਂ ਚੋਰੀ ਹੋ ਸਕਦੀ ਹੋਵੇ ਤਾਂ ਤੁਹਾਨੂੰ ਇਹ ਕਰਨਾ ਚਾਹੀਦਾ ਹੈ:

- ਪ੍ਰਾਪਰਟੀ ਦੇ ਲੌਕ ਬਦਲਣੇ ਚਾਹੀਦੇ ਹਨ ਅਤੇ ਇਹ ਪੱਕਾ ਕਰਨਾ ਚਾਹੀਦਾ ਹੈ ਕਿ ਇਹ ਸੁਰੱਖਿਅਤ ਹੈ।
- ਪੂਰੀ ਸੰਪਤੀ ਗਿਣਨੀ ਚਾਹੀਦੀ ਹੈ ਅਤੇ ਇਸ ਦੀਆਂ ਫੋਟੋਆਂ ਲੈਣੀਆਂ ਚਾਹੀਦੀਆਂ ਹਨ ਤਾਂ ਜੋ ਇਹ ਪੱਕਾ ਕਰਨ ਵਿਚ ਮਦਦ ਮਿਲੇ ਕਿ ਪ੍ਰਾਪਰਟੀ ਅਤੇ ਸਾਮਾਨ ਦੀ ਸਹੀ ਤਰ੍ਹਾਂ ਇਨਸ਼ੋਰੈਂਸ ਹੋਈ ਹੈ।
- ਜ਼ਿਆਦਾ ਕੀਮਤੀ ਚੀਜ਼ਾਂ ਕਿਸੇ ਜ਼ਿਆਦਾ ਸੁਰੱਖਿਅਤ ਮਾਹੌਲ ਵਿਚ ਲਿਜਾਣੀਆਂ ਚਾਹੀਦੀਆਂ ਹਨ।
- ਇਸਟੇਟ ਵਿਚ ਆਪਣੀ ਸ਼ਮੂਲੀਅਤ ਬਾਰੇ ਆਪਣੇ ਨਾਲ ਸੰਪਰਕ ਕਰਨ ਬਾਰੇ ਗੁਆਂਢੀਆਂ ਨੂੰ ਦੱਸਣਾ ਚਾਹੀਦਾ ਹੈ।
- ਸਥਾਨਕ ਪੁਲੀਸ ਨਾਲ ਸੰਪਰਕ ਕਰਨਾ ਚਾਹੀਦਾ ਹੈ ਅਤੇ ਪ੍ਰਾਪਰਟੀ ਨੂੰ ਸੁਰੱਖਿਅਤ ਕਰਨ ਬਾਰੇ ਉਨ੍ਹਾਂ ਦੀ ਮਦਦ ਮੰਗਣੀ ਚਾਹੀਦੀ ਹੈ।

### *ਮੈਂ ਬ੍ਰਿਟਿਸ਼ ਕੋਲੰਬੀਆ ਵਿੱਚੋਂ ਬਾਹਰਲੇ ਕਿਸੇ ਮ੍ਰਿਤਕ ਦੀ ਸੰਪਤੀ ਨਾਲ ਕਿਵੇਂ ਸਿੱਝ ਸਕਦਾ ਹਾਂ?*

ਤੁਹਾਨੂੰ ਢੁਕਵੇਂ ਵਿਅਕਤੀਆਂ (ਜਿਵੇਂ ਕਿ ਇਗਜ਼ੈਕਿਊਟਰ, ਨੇੜਲਾ ਸਾਕ-ਸੰਬੰਧੀ) ਜਾਂ ਉਸ ਇਲਾਕੇ ਵਿਚਲੇ ਕਿਸੇ ਵਕੀਲ ਨਾਲ ਸੰਪਰਕ ਕਰਨਾ ਚਾਹੀਦਾ ਹੈ ਜਿੱਥੇ ਸੰਪਤੀ ਸਥਿਤ ਹੈ ਤਾਂ ਜੋ ਇਹ ਪਤਾ ਲਾਇਆ ਜਾ ਸਕੇ ਕਿ ਬੀ ਸੀ ਤੋਂ ਬਾਹਰ ਦੀ ਸੰਪਤੀ ਦਾ ਪ੍ਰਬੰਧ ਆਪਣੇ ਹੱਥ ਲੈਣ ਲਈ ਉਨ੍ਹਾਂ ਨੂੰ ਤੁਹਾਡੇ ਤੋਂ ਕਿਹੜੀ ਚੀਜ਼ ਦੀ ਲੋੜ ਹੈ।

## ਕਰਜ਼ਾ ਦੇਣ ਵਾਲਿਆਂ ਅਤੇ ਲੈਂਡਲਾਰਡਾਂ ਨਾਲ ਵਰਤਣਾ

### *ਇਸ ਤਰ੍ਹਾਂ ਲੱਗਦਾ ਹੈ ਕਿ ਮ੍ਰਿਤਕ ਨੇ ਕਰੈਡਿਟ ਕਾਰਡਾਂ ਦੇ ਕਾਫੀ ਪੈਸੇ ਦੇਣੇ ਹਨ ਅਤੇ ਕਾਰਡ ਜਾਰੀ ਕਰਨ ਵਾਲੇ ਰਿਸ਼ਤੇਦਾਰਾਂ 'ਤੇ ਦਬਾਅ ਪਾ ਰਹੇ ਹਨ ਕਿ ਉਹ ਪੈਸੇ ਦੇਣ। ਕੀ ਅਜਿਹਾ ਕਰਨ ਦੀ ਉਨ੍ਹਾਂ ਦੀ ਜ਼ਿੰਮੇਵਾਰੀ ਹੈ?*

ਸਿਰਫ ਮ੍ਰਿਤਕ ਵਿਅਕਤੀ ਦੀ ਇਸਟੇਟ ਹੀ ਮ੍ਰਿਤਕ ਦੇ ਕਰਜ਼ੇ ਦੇਣ ਲਈ ਜ਼ਿੰਮੇਵਾਰ ਹੈ। ਇਸਟੇਟ ਦੀ ਸਾਰੀ ਸੰਪਤੀ ਅਤੇ ਦੇਣਦਾਰੀਆਂ ਦਾ ਪਤਾ ਲਾਉਣ ਨੂੰ ਕਾਫੀ ਸਮਾਂ ਲੱਗ ਸਕਦਾ ਹੈ, ਅਤੇ ਕੋਈ ਵੀ ਕਰਜ਼ਾ ਦੇਣ ਤੋਂ ਪਹਿਲਾਂ ਕਰੈਡਿਟਰਾਂ ਲਈ ਇਸ਼ਤਿਹਾਰ ਦਿਉ। ਜੇ ਇਸਟੇਟ ਬੈਂਕਕਰੱਪਟ (ਦਿਵਾਲੀਆ) ਹੋਵੇ ਤਾਂ ਕਰਜ਼ੇ *ਵਿਲਜ਼, ਇਸਟੇਟਸ ਐਂਡ ਸਕਸੈਸ਼ਨ ਐਕਟ* ਵਿਚ ਦਿੱਤੀ ਗਈ ਤਰਜੀਹ ਵਿਚ ਦਿੱਤੇ ਜਾਂਦੇ ਹਨ। ਜੇ ਇਸਟੇਟ ਵਿਚ ਸਾਰੇ ਕਰਜ਼ੇ ਦੇਣ ਜੋਗੇ ਫੰਡ ਨਾ ਹੋਣ ਤਾਂ ਹੋ ਸਕਦਾ ਕੁਝ ਨਾ ਦਿੱਤੇ ਜਾ ਸਕਣ ਜਾਂ ਉਨ੍ਹਾਂ ਦਾ ਕੁਝ ਹਿੱਸਾ ਹੀ ਦਿੱਤਾ ਜਾ ਸਕਦਾ ਹੋਵੇ। ਆਮ ਤੌਰ 'ਤੇ, **ਕਰਜ਼ੇ ਦੇਣ ਦੀ ਕਿਸੇ ਹੋਰ ਦੀ ਜ਼ਿੰਮੇਵਾਰੀ ਨਹੀਂ ਹੈ** ਜੇ ਉਨ੍ਹਾਂ ਨੇ ਕਿਸੇ ਕਰਜ਼ੇ ਦੇ ਪੇਪਰਾਂ 'ਤੇ ਨਾਲ ਦਸਖਤ ਨਹੀਂ ਕੀਤੇ ਹੋਏ ਹਨ ਜਾਂ ਕੋਈ ਗਰੰਟੀ ਨਹੀਂ ਦਿੱਤੀ ਹੋਈ ਹੈ।

### *ਮ੍ਰਿਤਕ ਨੇ ਮੇਰੇ ਪੈਸੇ ਦੇਣੇ ਸਨ। ਕੀ ਇਹ ਪੈਸੇ ਲੈਣ ਲਈ ਮੈਂ ਕੁਝ ਕਰ ਸਕਦਾ ਹਾਂ?*

ਤੁਹਾਨੂੰ ਇਸਟੇਟ ਦਾ ਪ੍ਰਬੰਧ ਚਲਾ ਰਹੇ ਵਿਅਕਤੀ ਕੋਲ ਲਿਖਤੀ ਰੂਪ ਵਿਚ ਕਲੇਮ ਕਰਨਾ ਚਾਹੀਦਾ ਹੈ ਅਤੇ ਕਰਜ਼ੇ ਦੇ ਸਬੂਤ ਦੇਣੇ ਚਾਹੀਦੇ ਹਨ। ਇਗਜ਼ੈਕਿਊਟਰ ਜਾਂ ਐਡਮਿਨਸਟਰੇਟਰ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਕੀ ਤੁਹਾਡਾ ਕਲੇਮ ਪ੍ਰਵਾਨ ਕੀਤਾ ਗਿਆ ਹੈ ਜਾਂ ਨਹੀਂ। ਜੇ ਤੁਹਾਡਾ ਕਲੇਮ ਰੱਦ

ਕਰ ਦਿੱਤਾ ਜਾਂਦਾ ਹੈ ਤਾਂ ਤੁਹਾਨੂੰ ਇਸ ਬਾਰੇ ਲਿਖਤੀ ਰੂਪ ਵਿਚ ਦੱਸਿਆ ਜਾਣਾ ਜ਼ਰੂਰੀ ਹੈ, ਜਿਸ ਤੋਂ ਬਾਅਦ ਕਾਨੂੰਨੀ ਕਾਰਵਾਈ ਸ਼ੁਰੂ ਕਰਨ ਲਈ ਤੁਹਾਡੇ ਕੋਲ 6 ਮਹੀਨੇ ਹੁੰਦੇ ਹਨ। ਤੁਹਾਡੇ ਕਲੇਮ ਦੇ ਸਹੀ ਹੋਣ ਦਾ ਫੈਸਲਾ ਕੀਤੇ ਜਾਣ ਤੋਂ ਪਹਿਲਾਂ ਜੇ ਵਸੀਅਤ ਦਾ ਪ੍ਰਬੰਧਕ ਇਸਟੇਟ ਦੀ ਵੰਡ ਕਰ ਦਿੰਦਾ ਹੈ ਤਾਂ ਉਹ ਨਿੱਜੀ ਤੌਰ 'ਤੇ ਦੇਣਦਾਰ ਹੋ ਸਕਦਾ ਹੈ। ਕਰਜ਼ੇ ਕਿਉਂਕਿ ***ਵਿਲਜ਼, ਇਸਟੇਟਸ ਐਂਡ ਸਕਸੈਸ਼ਨ ਐਕਟ*** ਵਿਚ ਦੱਸੀ ਤਰਜੀਹ ਮੁਤਾਬਕ ਦਿੱਤੇ ਜਾਣੇ ਜ਼ਰੂਰੀ ਹਨ, ਤੁਹਾਡੇ ਕਲੇਮ ਨੂੰ ਪ੍ਰਵਾਨਗੀ ਇਸ ਚੀਜ਼ ਦੀ ਕੋਈ ਗਰੰਟੀ ਨਹੀਂ ਹੈ ਕਿ ਤੁਹਾਨੂੰ ਪੂਰੇ ਪੈਸੇ ਮਿਲ ਜਾਣਗੇ ਅਤੇ ਤੁਹਾਨੂੰ ਪੈਸੇ ਮਿਲਣ ਨੂੰ ਕਾਫੀ ਸਮਾਂ ਲੱਗ ਸਕਦਾ ਹੈ।

***ਲੈਂਡਲਾਰਡ ਜ਼ੋਰ ਪਾ ਰਿਹਾ ਹੈ ਕਿ ਮ੍ਰਿਤਕ ਦੀਆਂ ਚੀਜ਼ਾਂ ਫੌਰਨ ਚੁੱਕੀਆਂ ਜਾਣ। ਮੈਨੂੰ ਕੀ ਕਰਨਾ ਚਾਹੀਦਾ ਹੈ?***

ਇਹ ਚੀਜ਼ਾਂ ਮ੍ਰਿਤਕ ਦੀ ਇਸਟੇਟ ਦੀ ਸੰਪਤੀ ਹੁੰਦੀਆਂ ਹਨ। ਜੇ ਤੁਸੀਂ ਇਗਜ਼ੈਕਿਊਟਰ ਜਾਂ ਐਡਮਿਨਸਟਰੇਟਰ ਹੋਵੋ ਤਾਂ ਤੁਹਾਨੂੰ ਇਸ ਸੰਪਤੀ ਨੂੰ ਸੁਰੱਖਿਅਤ ਕਰਨ ਲਈ (ਅਤੇ ਇਸ ਦੀ ਸੂਚੀ ਬਣਾਉਣ ਲਈ) ਛੇਤੀ ਤੋਂ ਛੇਤੀ ਕਰਨੀ ਚਾਹੀਦੀ ਹੈ। ਤੁਹਾਨੂੰ ਇਹ ਸੰਪਤੀ ਜ਼ਿਆਦਾ ਢੁਕਵੀਂ ਥਾਂ 'ਤੇ ਲਿਜਾਣ ਬਾਰੇ ਵਿਚਾਰ ਕਰਨ ਦੀ ਲੋੜ ਵੀ ਪੈ ਸਕਦੀ ਹੈ। ਇਸਟੇਟ ਅਤੇ ਲੈਂਡਲਾਰਡ ਵਿਚਕਾਰ ਹੱਕਾਂ ਅਤੇ ਜ਼ਿੰਮੇਵਾਰੀਆਂ ***ਰੈਜ਼ੀਡੈਂਸ਼ਲ ਟੈਨੇਂਸੀ ਐਕਟ*** ਮੁਤਾਬਕ ਹਨ। ਜ਼ਿਆਦਾ ਜਾਣਕਾਰੀ ਲਈ ਤੁਸੀਂ **ਰੈਜ਼ੀਡੈਂਸ਼ ਟੈਨੇਂਸੀ ਆਫਿਸ** ਨਾਲ ਸੰਪਰਕ ਕਰ ਸਕਦੇ ਹੋ।

***ਮੈਂ ਇਕ ਲੈਂਡਲਾਰਡ ਹਾਂ, ਅਤੇ ਮੇਰੇ ਇਕ ਕਿਰਾਏਦਾਰ ਦੀ ਮੌਤ ਹੋ ਗਈ ਹੈ। ਮੈਨੂੰ ਕੀ ਕਰਨਾ ਚਾਹੀਦਾ ਹੈ?***

ਤੁਹਾਨੂੰ ਇਹ ਫੈਸਲਾ ਕਰਨਾ ਚਾਹੀਦਾ ਹੈ ਕਿ ਇਸਟੇਟ ਦਾ ਪ੍ਰਬੰਧ ਚਲਾਉਣ ਦਾ ਹੱਕ ਕਿਸ ਨੂੰ ਮਿਲਿਆ ਹੈ ਅਤੇ ਚੀਜ਼ਾਂ ਚੁੱਕਣ ਦੀ ਜ਼ਿੰਮੇਵਾਰੀ ਕੌਣ ਲੈ ਸਕਦਾ ਹੈ। ਜੇ ਤੁਹਾਡੇ ਕਿਰਾਏਦਾਰ ਦੀ ਮੌਤ ਹਸਪਤਾਲ ਵਿਚ ਜਾਂ ਕਿਸੇ ਹੋਰ ਥਾਂ 'ਤੇ ਹੁੰਦੀ ਹੈ ਤਾਂ ਤੁਸੀਂ ਉੱਥੋਂ ਦੇ ਸੋਸ਼ਲ ਵਰਕਰ ਨਾਲ ਸੰਪਰਕ ਕਰ ਸਕਦੇ ਹੋ। ਜੇ ਕੋਰੋਨਰ (ਸ਼ੱਕੀ ਮੌਤ ਦੀ ਪੜਤਾਲ ਕਰਨ ਵਾਲਾ ਅਧਿਕਾਰੀ) ਸ਼ਾਮਲ ਸੀ ਤਾਂ ਤੁਹਾਨੂੰ ਕੋਰੋਨਰ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਜੇ ਕੋਈ ਵਸੀਅਤ ਨਾ ਹੋਵੇ ਅਤੇ ਕੋਈ ਜਾਣਿਆ ਜਾਂਦਾ ਨੇੜਲਾ ਸਾਕ-ਸੰਬੰਧੀ ਵੀ ਨਾ ਹੋਵੇ ਤਾਂ ਹਸਪਤਾਲ ਦਾ ਸੋਸ਼ਲ ਵਰਕਰ ਜਾਂ ਕੋਰੋਨਰ ਪੀ ਜੀ ਟੀ ਨੂੰ ਰੈਫਰ ਕਰ ਸਕਦਾ ਹੈ ਅਤੇ ਇਹ ਬੇਨਤੀ ਕਰ ਸਕਦਾ ਹੈ ਕਿ ਪੀ ਜੀ ਟੀ ਇਸਟੇਟ ਦਾ ਪ੍ਰਬੰਧ ਚਲਾਉਣ ਬਾਰੇ ਵਿਚਾਰ ਕਰੇ। ਇਹ ਰੈਫਰਲ ਕੀਤੇ ਜਾਣ ਤੋਂ ਬਾਅਦ ਤੁਸੀਂ ਪੀ ਜੀ ਟੀ ਨਾਲ ਸੰਪਰਕ ਕਰ ਸਕਦੇ ਹੋ।

ਇਸਟੇਟ ਅਤੇ ਲੈਂਡਲਾਰਡ ਵਿਚਕਾਰ ਹੱਕਾਂ ਅਤੇ ਜ਼ਿੰਮੇਵਾਰੀਆਂ ***ਰੈਜ਼ੀਡੈਂਸ਼ਲ ਟੈਨੇਂਸੀ ਐਕਟ*** ਮੁਤਾਬਕ ਹਨ। ਜ਼ਿਆਦਾ ਜਾਣਕਾਰੀ ਲਈ ਤੁਸੀਂ **ਰੈਜ਼ੀਡੈਂਸ਼ ਟੈਨੇਂਸੀ ਆਫਿਸ** ਨਾਲ ਸੰਪਰਕ ਕਰ ਸਕਦੇ ਹੋ।

## ਇਸਟੇਟ 'ਤੇ ਹੱਕ ਅਤੇ ਕਲੇਮ

***ਅਲਹਿਦਾ ਹੋਏ ਸਪਾਊਸ ਦੇ ਕੀ ਹੱਕ ਹਨ?***

**ਜੇ ਮੌਤ 31 ਮਾਰਚ, 2014 ਤੋਂ ਪਹਿਲਾਂ ਹੋਈ ਹੈ:** ਆਮ ਤੌਰ 'ਤੇ, ਪਿੱਛੇ ਰਹਿ ਗਿਆ ਅਲਹਿਦਾ ਹੋਇਆ ਸਪਾਊਸ (ਪਤੀ/ਪਤਨੀ) ਵਸੀਅਤ ਵਿਚ ਮਿਲੇ ਕਿਸੇ ਵੀ ਤੋਹਫੇ ਲਈ ਹੱਕਦਾਰ ਹੈ, ਜੇ ਕੋਈ ਵੱਖਰਾ ਐਗਰੀਮੈਂਟ ਜਾਂ ਅਦਾਲਤ ਦਾ ਆਰਡਰ ਨਹੀਂ ਹੈ ਜਿਸ ਵਿਚ ਅਲਹਿਦਾ ਹੋਏ ਸਪਾਊਸ ਨੇ ਵਿਰਾਸਤ 'ਤੇ ਆਪਣਾ ਹੱਕ ਛੱਡ ਦਿੱਤਾ ਹੈ। ਜੇ ਕੋਈ ਵਸੀਅਤ ਨਹੀਂ ਹੈ ਅਤੇ ਅਲੱਗ ਅਤੇ ਲਾਂਭੇ ਰਹਿਣ ਦੇ ਮੰਤਵ ਨਾਲ ਸਪਾਊਸਿਜ਼ ਨੂੰ ਵੱਖ ਹੋਇਆਂ ਨੂੰ ਇਕ ਸਾਲ ਨਾਲੋਂ ਜ਼ਿਆਦਾ ਸਮਾਂ ਹੋ ਗਿਆ ਹੈ ਤਾਂ ਪਿੱਛੇ ਰਹਿ ਗਏ ਸਪਾਊਸ ਦਾ ਵਿਰਾਸਤ 'ਤੇ ਕੋਈ ਹੱਕ ਨਹੀਂ ਹੈ। ਪ੍ਰਬੰਧਕ ਨੂੰ ਹੱਕ ਦਿੱਤੇ ਜਾਣ ਤੋਂ ਬਾਅਦ 6 ਮਹੀਨਿਆਂ ਦੇ ਵਿਚ ਵਿਚ ਉਹ ਇਸਟੇਟ ਦੇ ਵਿਰੁੱਧ ਕਲੇਮ ਲਿਆ ਸਕਦਾ/ਸਕਦੀ ਹੈ। ਅਲਹਿਦਾ ਹੋਏ ਸਪਾਊਸਿਜ਼ ਦੇ ਹੱਕਾਂ ਬਾਰੇ ਜੇ ਤੁਹਾਨੂੰ ਜ਼ਿਆਦਾ ਜਾਣਕਾਰੀ ਦੀ ਲੋੜ ਹੋਵੇ ਤਾਂ ਤੁਹਾਨੂੰ ਕਨੂੰਨੀ ਸਲਾਹ ਲੈਣੀ ਚਾਹੀਦੀ ਹੈ।

**ਜੇ ਮੌਤ 31 ਮਾਰਚ, 2014 ਨੂੰ ਜਾਂ ਇਸ ਤੋਂ ਬਾਅਦ ਹੋਈ ਹੈ:** ਜੇ ਮ੍ਰਿਤਕ ਵਸੀਅਤ ਛੱਡ ਕੇ ਗਿਆ ਹੈ ਜਿਸ ਵਿਚ ਆਪਣੇ ਸਪਾਊਸ ਦਾ ਨਾਂ ਪ੍ਰਬੰਧਕ ਜਾਂ ਲਾਭ ਪਾਤਰ ਵਜੋਂ ਹੈ ਅਤੇ ਬਾਅਦ ਵਿਚ ਮੌਤ ਦੀ ਤਰੀਕ ਤੋਂ ਪਹਿਲਾਂ ਸਪਾਊਸਿਜ਼ ਪੱਕੇ ਤੌਰ 'ਤੇ ਅਲਹਿਦਾ ਰਹਿਣ ਦੇ ਮੰਤਵ ਨਾਲ ਅਲੱਗ ਹੋ ਗਏ ਸਨ ਤਾਂ ਉਸ ਦੀ ਪ੍ਰਬੰਧਕ ਵਜੋਂ ਨਿਯੁਕਤੀ ਅਤੇ ਅਲਹਿਦਾ ਹੋਏ ਸਪਾਊਸ ਨੂੰ ਵਸੀਅਤ ਵਿਚ ਦਿੱਤਾ ਗਿਆ ਕੋਈ ਤੋਹਫਾ ਰੱਦ ਹੋ ਜਾਂਦੇ ਹਨ। ਜੇ ਕੋਈ ਵਸੀਅਤ ਨਹੀਂ ਹੈ ਅਤੇ ਮੌਤ ਦੀ ਤਰੀਕ ਤੋਂ ਪਹਿਲਾਂ ਸਪਾਊਸਿਜ਼ ਪੱਕੇ ਤੌਰ 'ਤੇ ਅਲਹਿਦਾ ਰਹਿਣ ਦੇ ਮੰਤਵ ਨਾਲ ਅਲੱਗ ਹੋ ਗਏ ਸਨ ਤਾਂ ਫਿਰ ਅਲੱਗ ਹੋਏ ਸਪਾਊਸ ਨੂੰ ਇਸਟੇਟ ਦੀ ਵੰਡ ਵਿੱਚੋਂ ਹਿੱਸਾ ਨਹੀਂ ਮਿਲਦਾ। ਅਲਹਿਦਾ ਹੋਏ ਸਪਾਊਸ ਦੇ ***ਫੈਮਿਲੀ ਲਾਅ ਐਕਟ*** ਅਧੀਨ ਹੱਕ ਹੋ ਸਕਦੇ ਹਨ ਅਤੇ ਉਸ ਨੂੰ ਕਨੂੰਨੀ ਸਲਾਹ ਲੈਣੀ ਚਾਹੀਦੀ ਹੈ।

***ਕੌਮਨ ਲਾਅ ਸਪਾਊਸ ਦੇ ਕੀ ਹੱਕ ਹਨ?***

ਜਿਹੜਾ ਵਿਅਕਤੀ, ਮ੍ਰਿਤਕ ਨਾਲ ਮੌਤ ਹੋਣ ਦੇ ਸਮੇਂ ਰਹਿ ਰਿਹਾ ਸੀ ਅਤੇ ਮੌਤ ਹੋਣ ਤੋਂ ਪਹਿਲਾਂ ਤੱਕ ਘੱਟੋ ਘੱਟ ਦੋ ਸਾਲਾਂ ਦੇ ਸਮੇਂ ਲਈ ਮ੍ਰਿਤਕ ਨਾਲ ਵਿਆਹ ਵਰਗੇ ਰਿਸ਼ਤੇ ਵਿਚ ਸੀ, ਜਿਸ ਵਿਚ ਇੱਕੋ ਲਿੰਗ ਦੇ ਵਿਅਕਤੀਆਂ ਵਿਚਕਾਰ ਵਿਆਹ ਵਰਗੇ ਸੰਬੰਧ ਵੀ ਸ਼ਾਮਲ ਹਨ ਤਾਂ ਉਸ ਵਿਅਕਤੀ ਨੂੰ ਵੀ ਸੰਸਕਾਰ ਦੇ ਪ੍ਰਬੰਧ ਕਰਨ, ਇਸਟੇਟ ਦਾ ਪ੍ਰਬੰਧ ਚਲਾਉਣ ਅਤੇ ਵਿਰਾਸਤ ਲੈਣ ਦੇ ਕਾਨੂੰਨੀ ਤੌਰ 'ਤੇ ਵਿਆਹੇ ਸਪਾਊਸ ਵਾਂਗ ਹੀ ਹੱਕ ਹਨ।

***ਜੇ ਵਸੀਅਤ ਨਾ ਹੋਵੇ ਤਾਂ ਇਸਟੇਟ ਕਿਸ ਨੂੰ ਮਿਲਦੀ ਹੈ?***

**ਜੇ ਮੌਤ 31 ਮਾਰਚ, 2014 ਤੋਂ ਪਹਿਲਾਂ ਹੋਈ ਹੈ:** ***ਇਸਟੇਟ ਐਡਮਿਨਸਟਰੇਸ਼ਨ ਐਕਟ*** ਦੱਸਦਾ ਹੈ ਕਿ ਬਿਨਾਂ ਵਸੀਅਤ ਵਾਲੀ ਇਸਟੇਟ ਦੀ ਵੰਡ ਕਿਵੇਂ ਕਰਨੀ ਹੈ (ਜਿੱਥੇ ਕੋਈ ਵਸੀਅਤ ਨਹੀਂ ਹੈ)। ਇਹ ਕਹਿੰਦਾ ਹੈ ਕਿ ਸਪਾਉਸ, ਜਿਸ ਵਿਚ ਕੌਮਨ ਲਾਅ ਸਪਾਉਸ ਵੀ ਸ਼ਾਮਲ ਹੈ (ਸਮੇਤ ਇੱਕੋ ਲਿੰਗ ਦੇ ਸਪਾਉਸਿਜ਼ ਦੇ), ਅਤੇ ਔਲਾਦ (ਬੱਚੇ, ਗਰੈਂਡਚਿਲਡਰਨ ਆਦਿ) ਇਸਟੇਟ ਦੇ ਵਾਰਸ ਹੋਣਗੇ। ਜੇ ਕੋਈ ਸਪਾਉਸ ਜਾਂ ਔਲਾਦ ਨਹੀਂ ਹੈ ਤਾਂ ਫਿਰ ਮ੍ਰਿਤਕ ਦੇ ਮਾਪੇ ਵਾਰਸ ਬਣਦੇ ਹਨ। ਜੇ ਮਾਪਿਆਂ ਦੀ ਮੌਤ ਪਹਿਲਾਂ ਹੋ ਗਈ ਹੋਵੇ ਤਾਂ ਭੈਣ-ਭਰਾ ਅਤੇ ਪਹਿਲਾਂ ਮਰ ਗਏ ਭੈਣ-ਭਰਾਵਾਂ ਦੇ ਬੱਚੇ ਵਾਰਸ ਬਣਦੇ ਹਨ। ਜੇ ਕੋਈ ਭੈਣ-ਭਰਾ ਜਿਉਂਦੇ ਨਾ ਹੋਣ ਤਾਂ ਭਤੀਜੀਆਂ/ਭਾਣਜੀਆਂ ਜਾਂ ਭਤੀਜੇ/ਭਾਣਜੇ ਬਰਾਬਰ ਵਿਚ ਵੰਡਦੇ ਹਨ, ਅਤੇ ਜੇ ਉੱਪਰ ਲਿਖਿਆਂ ਵਿੱਚੋਂ ਕੋਈ ਵੀ ਨਾ ਹੋਵੇ ਤਾਂ ਇਸਟੇਟ ਦੀ ਵੰਡ ਨੇੜੇ ਦੇ ਸਾਕ-ਸੰਬੰਧੀਆਂ ਵਿਚਕਾਰ ਇੱਕੋ ਜਿਹੀ ਵੰਡੀ ਜਾਂਦੀ ਹੈ ਜਿਹੜੇ ਮ੍ਰਿਤਕ ਨਾਲ ਬਰਾਬਰ ਦੇ ਨੇੜਲੇ ਰਿਸ਼ਤੇ ਵਿਚ ਹੁੰਦੇ ਹਨ।

**ਜੇ ਮੌਤ 31 ਮਾਰਚ, 2014 ਨੂੰ ਜਾਂ ਇਸ ਤੋਂ ਬਾਅਦ ਹੋਈ ਹੈ:** ***ਵਿਲਜ਼, ਇਸਟੇਟਸ ਐਂਡ ਸਕਸੈਸ਼ਨ ਐਕਟ*** ਬਿਨਾਂ ਵਸੀਅਤ ਵਾਲੀ ਇਸਟੇਟ ਦੀ ਵੰਡ ਬਾਰੇ ਦੱਸਦਾ ਹੈ।

## ਹੋਰ ਆਮ ਪੁੱਛੇ ਜਾਂਦੇ ਸਵਾਲ

***ਮੇਰੀ (ਮਾਂ ਦੀ) ਵਸੀਅਤ ਆਪਣੀ ਇਸਟੇਟ ਸੰਭਾਲ ਕਰਨ ਵਾਲੀ ਉਸ ਥਾਂ ਨੂੰ ਛੱਡ ਗਈ ਹੈ ਜਿੱਥੇ ਉਹ ਪਿਛਲੇ ਕੁਝ ਸਾਲਾਂ ਤੋਂ ਰਹਿ ਰਹੀ ਸੀ। ਕੀ ਇਸ ਦੀ ਆਗਿਆ ਹੈ?***

***ਕਮਿਉਨਟੀ ਕੇਅਰ ਐਂਡ ਅਸਿਸਟਿਡ ਲਿਵਿੰਗ ਐਕਟ*** ਮੰਗ ਕਰਦਾ ਹੈ ਕਿ ਜਿੱਥੇ ਮ੍ਰਿਤਕ ਵਿਅਕਤੀ ਦੀ ਸੰਭਾਲ ਕਰਨ ਵਾਲੀ ਥਾਂ ਜਾਂ ਇਸ ਦੇ ਮੁਲਾਜ਼ਮ ਉਸ ਦੀ ਵਸੀਅਤ ਵਿਚ ਲਾਭ ਪਾਤਰ ਹੋਣ ਉੱਥੇ ਪੀ ਜੀ ਟੀ ਇਨ੍ਹਾਂ ਤੋਹਫਿਆਂ ਲਈ ਲਿਖਤੀ ਰੂਪ ਵਿਚ ਸਹਿਮਤੀ ਦੇਵੇ। ਇਸ ਨਾਲ ਇਹ ਪੱਕਾ ਹੁੰਦਾ ਹੈ ਕਿ ਵਸੀਅਤ ਬਣਾਉਣ ਵੇਲੇ ਤੋਹਫਾ ਉਨ੍ਹਾਂ ਹਾਲਤਾਂ ਮੁਤਾਬਕ ਸਹੀ ਸੀ।

ਸੰਭਾਲ ਕਰਨ ਵਾਲੀ ਕਿਸੇ ਥਾਂ ਜਾਂ ਇਸ ਦੇ ਮੁਲਾਜ਼ਮਾਂ ਨੂੰ ਵਸੀਅਤ ਵਿਚ ਤੋਹਫਾ ਦੇਣ ਦਾ ਵਿਚਾਰ ਕਰ ਰਹੇ ਕਿਸੇ ਵੀ ਵਿਅਕਤੀ ਨੂੰ, ਜਿੱਥੇ ਉਹ ਰਹਿੰਦਾ ਹੈ ਜਾਂ ਰਿਹਾ ਹੈ, ਵਸੀਅਤ ਬਣਾਉਣ ਵੇਲੇ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ ਤਾਂ ਜੋ ਇਹ ਪੱਕਾ ਹੋ ਸਕੇ ਕਿ ਵਸੀਅਤ ਵਿਚਲਾ ਇਹ ਤੋਹਫਾ ਦਿੱਤਾ ਜਾ ਸਕੇਗਾ।

ਇਸ ਚੀਜ਼ ਬਾਰੇ ਜਾਣਕਾਰੀ ਕਿ ਅਜਿਹੀ ਹਾਲਤ ਨਾਲ ਕਿਵੇਂ ਸਿੱਝਣਾ ਹੈ ਜਿੱਥੇ ਸੰਭਾਲ ਕਰਨ ਵਾਲਾ ਜਾਂ ਸੰਭਾਲ ਕਰਨ ਵਾਲੀ ਥਾਂ ਕਿਸੇ ਵਸੀਅਤ ਵਿਚ ਲਾਭ ਪਾਤਰ ਹੈ, ਪੀ ਜੀ ਟੀ ਤੋਂ ਉਪਲਬਧ ਹੈ।

## ਗੁੰਮਸ਼ੁਦਾ ਵਿਅਕਤੀ

***ਮੇਰਾ ਭਰਾ ਕੁਝ ਹਫਤਿਆਂ ਤੋਂ ਗੁੰਮ ਹੋ ਗਿਆ ਹੈ। ਉਹ ਇਕੱਲਾ ਮੱਛੀਆਂ ਫੜਨ ਗਿਆ ਅਤੇ ਮੁੜ ਕੇ ਨਹੀਂ ਆਇਆ। ਮੈਨੂੰ ਪੱਕਾ ਯਕੀਨ ਹੈ ਕਿ ਉਹ ਜ਼ਰੂਰ ਹੀ ਮਰ ਗਿਆ ਹੋਵੇਗਾ। ਉਸ ਦੇ ਬਿੱਲ ਹਨ ਜਿਹੜੇ ਦੇਣ ਦੀ ਲੋੜ ਹੈ। ਉਸ ਦੀ ਕਾਰ ਮੇਰੇ ਘਰ ਹੈ ਅਤੇ ਮੈਨੂੰ ਪਤਾ ਹੈ ਕਿ ਉਸ ਦੇ ਬੈਂਕ ਵਿਚ ਪੈਸੇ ਹਨ। ਪੁਲੀਸ ਕਹਿੰਦੀ ਹੈ ਕਿ ਉਨ੍ਹਾਂ ਨੇ ਜੋ ਕਰ ਸਕਦੇ ਸੀ ਕਰ ਲਿਆ ਹੈ। ਮੈਨੂੰ ਕੀ ਕਰਨਾ ਚਾਹੀਦਾ ਹੈ?***

ਜੇ ਇਸ ਚੀਜ਼ ਦਾ ਕਾਫੀ ਸਬੂਤ ਹੈ ਕਿ ਕਿਸੇ ਵਿਅਕਤੀ ਦੀ ਮੌਤ ਹੋ ਗਈ ਹੈ ਤਾਂ ਅਦਾਲਤ ਮੌਤ ਦੀ ਸੰਭਾਵਨਾ ਦਾ ਆਰਡਰ ਜਾਰੀ ਕਰ ਸਕਦੀ ਹੈ। ਨਹੀਂ ਤਾਂ, ਜੇ ਕੋਈ ਵਿਅਕਤੀ ਘੱਟੋ ਘੱਟ ਤਿੰਨ ਮਹੀਨਿਆਂ ਤੋਂ ਗੁੰਮ ਹੋਵੇ ਅਤੇ ਉਸ ਦੀ ਉਨ੍ਹਾਂ ਰਿਸ਼ਤੇਦਾਰਾਂ ਜਾਂ ਹੋਰਨਾਂ ਨਾਲ ਕੋਈ ਗੱਲ ਨਾ ਹੋਈ ਹੋਵੇ ਜਿਹੜੇ ਅਕਸਰ ਉਸ ਦੇ ਸੰਪਰਕ ਵਿਚ ਰਹਿੰਦੇ ਹਨ ਤਾਂ ਅਦਾਲਤ ਪੀ ਜੀ ਟੀ ਜਾਂ ਕਿਸੇ ਹੋਰ ਢੁਕਵੇਂ ਵਿਅਕਤੀ ਨੂੰ ਗੁੰਮਸ਼ੁਦਾ ਵਿਅਕਤੀ ਦੀ ਪ੍ਰਾਪਰਟੀ ਦੇ ਰੱਖਿਅਕ (ਕਿਊਰੇਟਰ) ਵਜੋਂ ਨਿਯੁਕਤ ਕਰ ਸਕਦੀ ਹੈ। ਤੁਹਾਨੂੰ ਇਸ ਚੀਜ਼ ਬਾਰੇ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ ਕਿ ਕੀ ਅਦਾਲਤ ਮੌਤ ਦੀ ਸੰਭਾਵਨਾ ਦਾ ਆਰਡਰ ਜਾਰੀ ਕਰ ਸਕਦੀ ਹੈ ਜਾਂ ਤੁਹਾਡੇ ਭਰਾ ਦੀ ਪ੍ਰਾਪਰਟੀ ਦੀ ਸੰਭਾਲ ਕਰਨ ਲਈ ਕਿਸੇ ਰੱਖਿਅਕ ਨੂੰ ਨਿਯੁਕਤ ਕਰ ਸਕਦੀ ਹੈ। ਬਦਲਵੇਂ ਤੌਰ 'ਤੇ ਤੁਸੀਂ ਪੀ ਜੀ ਟੀ ਨੂੰ ਰੱਖਿਅਕ ਵਜੋਂ ਕੰਮ ਕਰਨ ਲਈ ਪੁੱਛ ਸਕਦੇ ਹੋ।

## ਮਦਦ ਕਿੱਥੋਂ ਲੈਣੀ ਹੈ?

***ਮੇਰੇ ਕੋਲ ਵਕੀਲ ਨਹੀਂ ਹੈ। ਮੈਂ ਵਸੀਅਤਾਂ ਅਤੇ ਇਸਟੇਟ ਦੇ ਪ੍ਰਬੰਧ ਦੇ ਮਾਮਲਿਆਂ ਲਈ ਮਦਦ ਕਿੱਥੋਂ ਲੈ ਸਕਦਾ ਹਾਂ?***

ਕੁਝ ਸੁਝਾਅ ਇਹ ਹਨ:

- ਲੌਈਅਰ ਰੈਫਰਲ ਸਰਵਿਸ ਫੋਨ ਕਰਨ ਵਾਲਿਆਂ ਨੂੰ ਕਿਸੇ ਸਥਾਨਕ ਵਕੀਲ ਕੋਲ ਭੇਜ ਸਕਦੀ ਹੈ। ਵਸੀਅਤਾਂ ਅਤੇ ਇਸਟੇਟਾਂ ਵਿਚ ਮੁਹਾਰਤ ਰੱਖਦੇ ਕਿਸੇ ਵਕੀਲ ਬਾਰੇ ਪੁੱਛੋ। ਤੁਸੀਂ ਅੱਧੇ ਘੰਟੇ ਦੇ ਮੁਢਲੇ ਸਲਾਹ-ਮਸ਼ਵਰੇ ਲਈ ਪ੍ਰਬੰਧ ਕਰ ਸਕਦੇ ਹੋ। ਟੈਲੀਫੋਨ 604.687.3221 ਜਾਂ ਟੋਲ ਫਰੀ 1.800.663.1919 ਹੈ।
- ਸਵੈ ਮਦਦ ਕਰਨ ਵਾਲੀਆਂ ਗਾਈਡਬੁੱਕਾਂ ਔਨਲਾਈਨ ਉਪਲਬਧ ਹਨ। ਤੁਹਾਡੀ ਸਥਾਨਕ ਲਾਇਬਰੇਰੀ ਤੋਂ ਵੀ ਲਿਖਤਾਂ ਮਿਲ ਸਕਦੀਆਂ ਹਨ।
- **ਪੀਪਲਜ਼ ਲਾਅ ਸਕੂਲ**
- **ਲਾਅ ਸਟੂਡੈਂਟਸ ਲੀਗਲ ਅਡਵਾਈਸ ਪ੍ਰੋਗਰਾਮ:** ਯੂ ਬੀ ਸੀ 604.822.5791, ਯੂਵਿਕ 250.385.1221 ਜਾਂ **www.thelawcentre.ca**
- **ਜਸਟਿਸ ਐਕਸੈੱਸ ਸੈਂਟਰ**
- **ਕਲਿੱਕਲਾਅ**
- **ਨੋਟਰੀਜ਼** (ਸੌਖੀਆਂ ਵਸੀਅਤਾਂ ਬਣਾਉਣ ਲਈ)
- ਪ੍ਰੋਬੇਟ ਡਾਕੂਮੈਂਟਸ ਜਾਂ ਪ੍ਰੋਬੇਟ ਫੀਸਾਂ ਬਾਰੇ ਜਾਣਕਾਰੀ ਲਈ **ਕੋਰਟ ਸਰਵਿਸਿਜ਼ ਵੈੱਬਸਾਈਟ** 'ਤੇ ਜਾਓ।
- ਜੇ ਤੁਸੀਂ ਇਹ ਜਾਣਨਾ ਚਾਹੁੰਦੇ ਹੋਵੋ ਕਿ ਕੀ ਕੋਈ ਖਾਸ ਇਸਟੇਟ ਦਾ ਪ੍ਰਬੰਧ ਬ੍ਰਿਟਿਸ਼ ਕੋਲੰਬੀਆ ਵਿਚ ਚਲਾਇਆ ਜਾ ਰਿਹਾ ਹੈ ਤਾਂ **ਕੋਰਟ ਸਰਵਿਸਿਜ਼ ਔਨਲਾਈਨ** 'ਤੇ ਸਰਚ ਕੀਤੀ ਜਾ ਸਕਦੀ ਹੈ। ਵੇਰਵੇ ਦੇਖਣ ਲਈ ਜਾਂ ਲੈਣ ਲਈ ਜਾਂ ਫਾਇਲ ਨਾਲ ਸੰਬੰਧਿਤ ਪੇਪਰ ਲੈਣ ਲਈ ਫੀਸਾਂ ਦੇਣੀਆਂ ਪੈ ਸਕਦੀਆਂ ਹਨ।
- ਇਹ ਪਤਾ ਲਾਉਣ ਲਈ ਕਿ ਕੀ ਮ੍ਰਿਤਕ ਨੇ ਵਸੀਅਤ ਰਜਿਸਟਰ ਕਰਵਾਈ ਸੀ, **ਬੀ ਸੀ ਵਾਈਟਲ ਸਟੈਟਿਸਟਿਕਸ ਏਜੰਸੀ**, ਵਿਲਜ਼ ਰਜਿਸਟਰੀ ਨਾਲ ਸੰਪਰਕ ਕਰੋ।
- ਜਨਮ, ਮੌਤ ਅਤੇ ਵਿਆਹ ਦੇ ਸਰਟੀਫਿਕੇਟ ਲੈਣ ਲਈ, **ਬੀ ਸੀ ਵਾਈਟਲ ਸਟੈਟਿਸਟਿਕਸ ਏਜੰਸੀ** ਨਾਲ ਸੰਪਰਕ ਕਰੋ।
- ਇਸਟੇਟ, ਪਿੱਛੇ ਰਹਿ ਗਏ ਸਪਾਉਸ ਜਾਂ ਬੱਚਿਆਂ ਲਈ ਉਪਲਬਧ ਕੈਨੇਡਾ ਪੈਨਸ਼ਨ ਪਲੈਨ ਬੈਨੇਫਿਟਸ ਬਾਰੇ ਪਤਾ ਲਾਉਣ ਲਈ ਜਿਵੇਂ ਕਿ ਸੀ ਪੀ ਪੀ ਰਿਟਾਇਰਮੈਂਟ ਪੈਨਸ਼ਨ, ਸੀ ਪੀ ਪੀ ਡੈੱਥ ਬੈਨੇਫਿਟਸ, ਡਿਸਏਬਿਲਟੀ ਬੈਨੇਫਿਟਸ ਅਤੇ ਸਰਵਾਈਵਰ ਬੈਨੇਫਿਟਸ, **ਕੈਨੇਡਾ ਪੈਨਸ਼ਨ ਪਲੈਨ ਇਨਕਮ ਸਕਿਉਰਟੀ ਪ੍ਰੋਗਰਾਮਜ਼** ਨਾਲ ਸੰਪਰਕ ਕਰੋ।
- ਸੂਬੇ ਦੇ ਫਿਊਨਰਲ ਸਰਵਿਸਿਜ਼ ਪ੍ਰੋਗਰਾਮ ਬਾਰੇ ਜਾਣਕਾਰੀ ਲੈਣ ਲਈ ਤੁਸੀਂ ਸਰਵਿਸ ਬੀ ਸੀ ਨਾਲ ਸੰਪਰਕ ਕਰ ਸਕਦੇ ਹੋ ਜੋ ਕਿ ਤੁਹਾਨੂੰ ਮਨਿਸਟਰੀ ਔਫ ਸੋਸ਼ਲ ਡਿਵੈਲਪਮੈਂਟ ਐਂਡ ਸੋਸ਼ਲ ਇਨੋਵੇਸ਼ਨ ਦੇ ਸਥਾਨਕ ਦਫਤਰ ਨਾਲ ਜੋੜਨਗੇ ਜਿੱਥੇ ਤੁਸੀਂ "ਫਿਊਨਰਲ ਸਰਵਿਸਿਜ਼ ਪ੍ਰੋਗਰਾਮ" ਲਈ ਪੁੱਛ ਸਕਦੇ ਹੋ।